
NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


Data everywhere.
No surprise charges
anywhere.
NEW
NATION-WIDE. NO ZONES.
TALK, TEXT & DATA PLANS
$35/MO.
chatr
AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

AMAN TRAVEL
ਅਮਨ ਟਰੈਵਲ
Gaurav Gupta
905.796.3535
SPECIAL FARES TO DELHI & AMRITSAR | LAST MINUTE DEALS AVAILABLE
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr.,
Brampton,
ON L6Y 4X4

# ਕੋਰੋਨਾਵਾਇਰਸ ਫੈਲਣ ਦੀ ਸੂਰਤ ਵਿੱਚ ਤੇਜ਼ੀ ਨਾਲ ਫੈਸਲੇ ਲੈ ਸਕੇਗੀ ਨਵੀਂ ਕਾਇਮ ਕੀਤੀ ਕੈਬਨਿਟ ਕਮੇਟੀ

ਓਟਵਾ, 4 ਮਾਰਚ (ਪੋਸਟ ਬਿਊਰੋ) : ਕੋਵਿਡ-19 ਦੇ ਸਬੰਧ ਵਿੱਚ ਤਿਆਰ ਕੀਤੀ ਗਈ ਨਵੀਂ ਕੈਬਨਿਟ ਕਮੇਟੀ ਨੇ ਬੁੱਧਵਾਰ ਨੂੰ ਮੁਲਾਕਾਤ ਕੀਤੀ। ਕੈਨੇਡਾ ਵਿੱਚ ਕੋਵਿਡ-19 ਦੇ ਕੇਸਾਂ ਵਿੱਚ ਅਜੇ ਵੀ ਇਜਾਫਾ ਹੋ ਰਿਹਾ ਹੈ। ਜੇ ਕੋਰੋਨਾਵਾਇਰਸ ਇਸੇ ਤਰ੍ਹਾਂ ਫੈਲਦਾ ਰਿਹਾ ਤਾਂ ਇਹ ਕਮੇਟੀ ਅਜਿਹੀ ਸੂਰਤ ਵਿੱਚ ਤੇਜ਼ੀ ਨਾਲ ਫੈਸਲੇ ਲੈ ਸਕੇਗੀ।

ਕਮੇਟੀ ਦੀ ਪਹਿਲੀ ਮੀਟਿੰਗ ਤੋਂ ਬਾਅਦ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸਿਹਤ ਮੰਤਰੀ ਪੈਟੀ ਹਾਜ਼ਦੂ ਨੇ ਆਖਿਆ ਕਿ ਜਨਵਰੀ ਤੋਂ ਹੀ ਗਲੋਬਲ ਪੱਧਰ ਉੱਤੇ ਫੈਲ ਰਹੇ ਇਸ ਵਾਇਰਸ ਦੇ ਸਬੰਧ ਵਿੱਚ ਯੋਜਨਾਬੰਦੀ ਕੀਤੀ ਜਾ ਰਹੀ ਸੀ। ਉਨ੍ਹਾਂ ਆਖਿਆ ਕਿ ਅਸੀਂ ਪਹਿਲਾਂ ਹੀ ਗਲੋਬਲ, ਇਕਨੌਮਿਕ ਤੇ ਸਪਲਾਈ ਚੇਨ ਵਿੱਚ ਵਿਘਨ ਵੇਖ ਚੁੱਕੇ ਹਾਂ। ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਇਸ ਨਵੇਂ ਵਾਇਰਸ ਦੇ ਸਿਹਤ ਤੋਂ ਇਲਾਵਾ ਪੈਣ ਵਾਲੇ ਹੋਰਨਾਂ ਪ੍ਰਭਾਵਾਂ ਲਈ ਵੀ ਕੈਨੇਡਾ ਤਿਆਰ ਰਹੇ।

ਹਾਜ਼ਦੂ ਨੇ ਆਖਿਆ ਕਿ ਸਰਕਾਰ ਨੂੰ ਇਹ ਖਦਸ਼ਾ ਹੈ ਕਿ ਕੈਨੇਡੀਅਨ ਕਮਿਊਨਿਟੀ ਵਿੱਚ ਵੱਡੀ ਪੱਧਰ ਉੱਤੇ ਆਊਟਬ੍ਰੇਕ ਹੋ ਸਕਦਾ ਹੈ ਹਾਲਾਂਕਿ ਚੀਫ ਪਬਲਿਕ ਹੈਲਥ ਆਫੀਸਰ ਡਾ. ਥੈਰੇਸਾ ਟੈਮ ਨੇ ਆਖਿਆ ਕਿ ਸਰਕਾਰ ਵੱਲੋਂ ਔਖੀ ਸਥਿਤੀ ਵਿੱਚ ਕਿਹੋ ਜਿਹੀ ਪ੍ਰਤੀਕਿਰਿਆ ਦਿੱਤੀ ਜਾਣੀ ਹੈ ਇਸ ਲਈ ਪਹਿਲਾਂ ਤੋਂ ਹੀ ਸਾਰੀ ਯੋਜਨਾਬੰਦੀ ਕਰ ਲਈ ਗਈ ਹੈ।

ਇੱਕ ਇੰਟਰਵਿਊ ਵਿੱਚ ਹਾਜ਼ਦੂ ਨੇ ਆਖਿਆ ਹਾਲਾਂਕਿ ਅਜੇ ਉਹ ਕੈਨੇਡੀਅਨਾਂ ਨੂੰ ਇਹ ਨਹੀਂ ਆਖ ਰਹੇ ਕਿ ਸਪਲਾਈ ਇੱਕਠੀ ਕਰਨੀ ਸ਼ੁਰੂ ਕਰ ਦੇਣ ਪਰ ਸਾਨੂੰ



ਇਸ ਲਈ ਤਿਆਰ ਜ਼ਰੂਰ ਰਹਿਣਾ ਚਾਹੀਦਾ ਹੈ ਕਿ ਜੇ ਲੋੜ ਪੈਂਦੀ ਹੈ ਤਾਂ ਅਸੀਂ ਬਿਮਾਰ ਪੈਣ ਦੀ ਸੂਰਤ ਵਿੱਚ ਖੁਦ ਨੂੰ ਅਲੱਗ ਥਲੱਗ ਕਰ ਸਕੀਏ। ਪੀਐਮਓ ਨੇ ਆਖਿਆ ਕਿ ਕੈਬਨਿਟ ਦੇ ਇੰਸੀਡੈਂਟ ਰਿਸਪਾਂਸ ਗਰੁੱਪ, ਪਬਲਿਕ ਹੈਲਥ ਏਜੰਸੀ ਆਫ ਕੈਨੇਡਾ, ਕੈਨੇਡਾ ਦੇ ਚੀਫ ਮੈਡੀਕਲ ਆਫੀਸਰਜ਼ ਆਫ ਹੈਲਥ ਦੀ ਸਪੈਸ਼ਲ ਐਡਵਾਈਜ਼ਰੀ ਕਮੇਟੀ ਅਤੇ ਪਬਲਿਕ ਸੇਫਟੀ ਕੈਨੇਡਾ ਦੇ ਗਵਰਮੈਂਟ ਆਪਰੇਸ਼ਨਜ਼ ਸੈਂਟਰ ਵੱਲੋਂ ਪਹਿਲਾਂ ਤੋਂ ਹੀ ਕੀਤੇ ਜਾ ਰਹੇ ਕੰਮਾਂ ਦਾ ਵੀ ਇਹ ਕਮੇਟੀ ਜਾਇਜ਼ਾ ਲਵੇਗੀ। ਡਿਪਟੀ ਪ੍ਰਧਾਨ ਮੰਤਰੀ ਕ੍ਰਿਸਟੀਆ ਫਰੀਲੈਂਡ ਨੇ ਆਖਿਆ ਕਿ ਇਸ ਮਾਮਲੇ ਵਿੱਚ ਸਾਰਾ ਦੇਸ਼ ਰਲ ਕੇ ਕੰਮ ਕਰ ਰਿਹਾ ਹੈ।

ਇਸ ਕਮੇਟੀ ਵਿੱਚ ਹੇਠ ਲਿਖੇ ਮੰਤਰੀ ਵੀ ਸ਼ਾਮਲ ਹਨ :

- ਖਜ਼ਾਨਾ ਬੋਰਡ ਦੇ ਪ੍ਰੈਜ਼ੀਡੈਂਟ ਜੀਨ ਯਵੇਸ ਡਕਲਸ
- ਇਨੋਵੇਸ਼ਨ, ਸਾਇੰਸ ਐਂਡ ਇੰਡਸਟਰੀ ਮੰਤਰੀ ਨਵਦੀਪ ਬੈਂਸ
- ਪਬਲਿਕ ਸੇਫਟੀ ਮੰਤਰੀ ਬਿੱਲ ਬਲੇਅਰ
- ਇਕਨੌਮਿਕ ਡਿਵੈਲਪਮੈਂਟ ਐਂਡ ਆਫੀਸ਼ੀਅਲ ਲੈਂਗੁਏਜਿਜ਼ ਮੰਤਰੀ ਮਿਲੇਨੀ ਜੌਲੀ
- ਵਿੱਤ ਮੰਤਰੀ ਬਿੱਲ ਮੌਰਨਿਊ
- ਇੰਪਲਾਇਮੈਂਟ, ਵਰਕਫੋਰਸ ਡਿਵੈਲਪਮੈਂਟ ਐਂਡ ਡਿਸਐਬਿਲਿਟੀ ਮੰਤਰੀ ਕਾਰਲਾ ਕੁਆਲਟਰੋ

ਇਨ੍ਹਾਂ ਤੋਂ ਇਲਾਵਾ ਕਰਸਟੀ ਡੰਕਨ ਨੂੰ ਵੀ ਕਮੇਟੀ ਵਿੱਚ ਸ਼ਾਮਲ ਕੀਤਾ ਗਿਆ ਹੈ। ਸੰਚਾਰੀ ਬਿਮਾਰੀਆਂ ਸਬੰਧੀ ਮੁਹਾਰਤ ਹੋਣ ਕਾਰਨ ਉਨ੍ਹਾਂ ਨੂੰ ਇਸ ਕਮੇਟੀ ਵਿੱਚ ਰੱਖਿਆ ਗਿਆ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

UK TRUCK TRAINING CENTRE
ukttc
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

MISSISSAUGA BRAMPTON
AFFORDABLE LIVING
CAMBRIDGE KITCHENER WATERLOO

Separate Entrance Basement
DOON SOUTH - KITCHENER
" 4 BEDROOM HOME"
SEPARATE ENTRANCE TO BASEMENT
ਡੂਨ ਸਾਊਥ ਕਿਚਨਰ ਦੇ ਮਸ਼ਹੂਰ ਏਰੀਏ ਵਿੱਚ ਬਣਿਆ ਬਹੁਤ ਹੀ ਸੋਹਣਾ 4 ਬੈਡਰੂਮ ਅਤੇ 3 ਵਾਸ਼ਰੂਮ ਦਾ ਘਰ। ਕਸਟਮ ਡਿਜਾਈਨ ਕੀਤੀ ਗਈ ਕਿਚਨ ਅਤੇ ਅਪਗ੍ਰੇਡੇਡ ਸਟੇਨਲੈਸ ਸਟੀਲ ਅਪਲਾਈਨਸੈਸ, ਪੈਂਟਰੀ ਅਤੇ ਬਹੁਤ ਵੱਡੀ ਇਟੀਂਗ ਆਈਲੈਂਡ। ਡਾਇਨਿੰਗ ਰੂਮ ਵਿੱਚ ਵੱਡਾ ਪਰਿਵਾਰ ਬੈਠ ਕੇ ਆਰਾਮ ਨਾਲ ਖਾਣਾ ਖਾ ਸਕਦੇ ਹਨ। ਮੈਨ ਫਲੋਰ ਵਿੱਚ 9 ਫੁੱਟ ਦੀ ਸਿਲਿੰਗ ਹੈ ਅਤੇ ਵੱਡੀਆਂ ਵਿੰਡੋਜ਼ ਹਨ। ਬਹੁਤ ਵੱਡਾ ਮਾਸਟਰ ਬੈਡਰੂਮ ਹੈ ਜਿਸ ਵਿੱਚ ਵਾਕ ਇਨ ਕਲਾਜਟ ਅਤੇ ਇਨਸੂਟ ਵਾਸ਼ਰੂਮ ਹੈ। ਫਿਨੀਸ਼ਡ ਬੇਸਮੈਂਟ ਲਈ ਸੇਪਰੇਟ ਏਨਟਰੈਂਸ ਹੈ। ਡਬਲ ਅਟੈਚਡ ਗਰਾਜ ਹੈ ਅਤੇ ਫੈਂਸ ਯਾਰਡ ਹੈ।
ASKING $839,000. MLS # 30784447
Call Joseph today 519-575-2777

IN - LAW SUITE
"LUXURIOUS - LARGE CUSTOM 2 STORY IN - LAW SUIT FINISHED WALK OUT BASEMENT"
ਬਹੁਤ ਹੀ ਸੋਹਣਾ 4500 ਸੁਕੇਅਰ ਫੁੱਟ ਵਿੱਚ ਬਣਿਆ 4+1 ਬੈਡਰੂਮ, ਇਨ ਲਾਅ ਸੂਟ ਬੇਸਮੈਂਟ। ਲਕਜ਼ਰੀ ਫਿਨੀਸ਼ਿੰਗ। ਘਰ ਵਿੱਚ ਦਾਖਲ ਹੁੰਦਿਆਂ ਹੀ ਡਬਲ ਫੋਯਰ ਤੁਹਾਨੂੰ ਹੈਰਾਨ ਕਰ ਦੇਣਗੇ। ਕਸਟਮ ਬਿਲਟ ਕਿਚਨ ਅਤੇ ਅਪਗ੍ਰੇਡੇਡ ਅਪਲਾਈਨਸੈਸ ਅਤੇ ਵੱਡੀ ਆਈਲੈਂਡ ਅਤੇ ਗਰੇਨਾਈਟ ਕਾਊਂਟਰ। ਮਾਸਟਰ ਬੈਡਰੂਮ 4 ਪੀਸ ਈਨਸੂਟ ਅਤੇ ਬਹੁਤ ਵੱਡੀਆਂ ਵਾਕ ਇਨ ਕਲਾਜਟ। ਵਾਕ ਆਊਟ ਬੇਸਮੈਂਟ ਜਿਸ ਦੀ ਸੇਪਰੇਟ ਏਨਟਰੈਂਸ ਹੈ। ਰਿਕ੍ਰੇਸ਼ਨ ਰੂਮ ਵਿੱਚ ਕਸਟਮ ਕੈਬਨੇਟ ਅਤੇ ਬੋਸ ਸਾਊਂਡ ਦੇ ਨਾਲ ਗੇਸ ਫਾਇਰ ਪਲੇਸ। ਬੇਸਮੈਂਟ ਦੇ ਨਾਲ ਪੂਲ ਅਤੇ ਹੋਟ ਟੱਬ ਵੀ ਹੈ। ਬਹੁਤ ਵੱਡੀ ਡਬਲ ਗਰਾਜ ਅਤੇ ਸਟੈਂਪਡ ਕੰਕ੍ਰੀਟ ਡਰਾਈਵੇਅ। ASKING $985,000.
MLS # 30790796
Call Joseph today 519-575-2777

IN - LAW SUITE 2018
Gated Executive Community
Large Custom Built Bungalow
"EXECUTIVE LARGE FAMILY HOME IN-LAW SUITE"
MLS# 30781327
ਬਹੁਤ ਹੀ ਸੋਹਣਾ 6000 ਫੁੱਲੀ ਫਰਨੀਸ਼ਡ ਸੁਕੇਅਰ ਫੁੱਟ ਬੰਗਲਓ ਜਿਸ ਦੀ ਫੁੱਲੀ ਫਰਨੀਸ਼ਡ ਬੇਸਮੈਂਟ ਹੈ। ਵੱਡੇ ਪਰਿਵਾਰ ਲਈ ਬਹੁਤ ਹੀ ਵਧੀਆ ਘਰ। ਮੈਨ ਫਲੋਰ ਵਿੱਚ 3 ਵੱਡੇ ਬੈਡਰੂਮ ਹਨ। ਬਹੁਤ ਹੀ ਖੁੱਲੇ ਫੈਮਲੀ ਰੂਮ ਵਿੱਚ ਕਫਰਡ ਸਿਲਿੰਗ +ਗੇਸ ਫਾਇਰ ਪਲੇਸ। ਕਸਟਮ ਡਿਜਾਇਨ ਕੀਤੀ ਗਈ ਕਿਚਨ ਜਿਸ ਵਿੱਚ ਡਬਲ ਆਈਲੈਂਡ ਅਤੇ ਇਟੀਗ ਬਾਰ ਅਤੇ ਕਮਰਸ਼ੀਅਲ ਗਰੇਡ ਅਪਲਾਈਨਸੈਸ ਹਨ। ਡਾਇਨਿੰਗ ਕਮਰੇ ਵਿੱਚ ਲਗਭਗ 14 ਬੰਦੇ ਬੈਠ ਕੇ ਖਾਣਾ ਖਾ ਸਕਦੇ ਹਨ। ਫਿਨੀਸ਼ਡ ਟ੍ਰਿਪਲ ਗਰਾਜ। ਫੁੱਲੀ ਲੈਂਡਸਕੇਪਡ ਵੱਧੀਆ ਕਮਿਊਨਿਟੀ ਵਿੱਚ।
ASKING $1,550,000
Call Joseph today 519-575-2777

" BUILDERS / DEVELOPERS"
"23 LOT APPROVED SUBDIVISION"
" 66 foot lots "
Incredible opportunity that will not last! This 23 lot approved sub division means you do not have to wait to build. All engineering is complete.
Ready to go !
Asking $ 1,990,000
Call Joseph today 519-575-2777

End Unit Townhome
4 BEDROOM + 2 BATHROOM END UNIT TOWN HOME WITH FINISHED BASEMENT
ਬਹੁਤ ਹੀ ਵਧੀਆ ਲੋਕੇਸ਼ਨ ਤੇ ਬਣਿਆ 4 ਬੈਡਰੂਮ ਅਤੇ 2 ਵਾਸ਼ਰੂਮ ਦਾ ਐਂਡ ਯੂਨੀਟ ਟਾਊਨ ਹੋਮ ਅਤੇ ਫਿਨੀਸ਼ਡ ਬੇਸਮੈਂਟ। ਸਟੋਰੇਜ ਲਈ ਖੁੱਲੀ ਥਾਂ, ਫੈਂਸ ਬੈਕਯਾਰਡ ਅਤੇ 2 ਅੰਡਰ ਗਰਾਊਂਡ ਪਾਰਕਿੰਗ ਸਪਾਟ। ਕਿਚਨ ਵਿੱਚ ਗਰੇਨਾਈਟ ਕਾਊਂਟਰ ਟਾਪ ਅਤੇ ਓਪਨ ਕੰਸੇਪਟ। ਕਾਂਡੋ ਫਸਿ ਵਿੱਚ ਪਾਣੀ, ਕੇਬਲ ਅਤੇ ਸਾਰੀਆ ਅੰਦਰੀ ਬਿਲਡਿੰਗ ਦੀ ਸਾਂਭ ਸੰਭਾਲ ਦਾ ਖਰਚਾ ਸ਼ਾਮਲ ਹੈ। ਤੁਸੀ ਕਦੀ ਵੀ ਆ ਕੇ ਦੇਖ ਸਕਦੇ ਹੋ।
ASKING $549,0000
Call Joseph today 519-575-2777
MLS #30790510

BRAND NEW HOME
3 BEDROOM + 3 WASHROOM BRAND NEW 2 STORY HOME
ਬਰੈਂਡ ਨੀਊ 2 ਸਟੋਰੀ ਘਰ ਜਿਸ ਵਿੱਚ 3 ਬੈਡਰੂਮ ਅਤੇ 3 ਵਾਸ਼ਰੂਮ ਹਨ ਅਤੇ ਬਹੁਤ ਸਾਰੀਆਂ ਅਪਗ੍ਰੇਡਜ਼ ਕੀਤੀਆਂ ਹਨ। ਰੋਸ਼ਨਦਾਰ ਅਤੇ ਖੁੱਲਾ ਫਲੋਰ ਪਲਾਨ। ਬਹੁਤ ਹੀ ਵੱਡੀ ਕਿਚਨ ਹੈ ਜਿਸ ਵਿੱਚ ਅਪਗ੍ਰੇਡਡ ਕੈਬਨੇਟ ਅਤੇ ਬਹੁਤ ਵੱਡਾ ਆਈਲੈਂਡ ਅਤੇ ਸੈਂਟਰ ਸਿੰਕ ਹੈ। ਮੈਨ ਫਲੋਰ ਵਿੱਚ ਟਾਈਲਾਂ ਅਤੇ ਅਪਗ੍ਰੇਡੇਡ ਲੈਮੀਨੇਟ ਫਲੋਰਿੰਗ ਹੈ। ਬਹੁਤ ਹੀ ਸੋਹਣੀ ਹਾਰਡਵੁਡ ਦੀ ਪੌੜੀਆਂ ਅਤੇ ਰੇਲਿੰਗ ਦੂਜੇ ਫਲੋਰ ਨੂੰ ਜਾਂਦੀ ਹੈ। ਦੂਜੇ ਫਲੋਰ ਵਿੱਚ 2 ਵੱਡੇ ਬੈਡਰੂਮ, ਲਾਂਡਰੀ ਰੂਮ ਅਤੇ ਵੱਡਾ ਮਾਸਟਰ ਬੈਡਰੂਮ ਹੈ ਜਿਸ ਵਿੱਡ ਵਾਕ ਇਨ ਕਲਾਜਟ ਅਤਟ ਇਨਸੂਟ ਵਾਸ਼ਰੂਮ ਹੈ।
MLS #30790214
ASKING $609,000
Call Joseph today 519-575-2777

Joseph INGRAM
SALES REPRESENTATIVE
Call/Text Direct today!
519-575-2777
Joseph@JosephIngram.com
#1 REALTOR TOP INDIVIDUAL SALES CAMBRIDGE 2018
RE/MAX Real Estate Centre, Brokerage
Cambridge 519-623-6200
Kitchener 519-741-0950
Awards earned From 2000-2018

**Testimonials**
1) "Joseph brings immense real estate knowledge and research to your disposal. Whether you are buying or selling with him; Joseph stands by you and goes above and beyond to get you the BEST DEAL !" R. MISTRY, Kitchener
2) " I value Joseph's knowledge and privacy in my dealing with him. Joseph is attentive to my family needs and is courteous and respectful. I recommend Joseph to anyone wanting to buy real estate. M. SAHA , Cambridge

# ਪੰਜਾਬ ਵਿਧਾਨ ਸਭਾ: ਸੈਸ਼ਨ ਦੇ ਆਖਰੀ ਦਿਨ ਰਾਜ ਸਰਕਾਰ ਘਿਰੀ ਹੋਈ ਦਿਖਾਈ ਦਿੱਤੀ

*** ਕਾਂਗਰਸੀ ਵਿਧਾਇਕ ਸਰਕਾਰ ਨੂੰ ਚੰਡਣ ਵਿੱਚ ਅੱਗੇ ਰਹੇ**

ਚੰਡੀਗੜ੍ਹ, 4 ਮਾਰਚ, (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਦੇ ਚਲੰਤ ਸਮਾਗਮ ਦੇ ਅਣਮਿਥੇ ਸਮੇਂ ਲਈ ਮੁਲਤਵੀ ਹੋ ਜਾਣ ਤੱਕ ਰਾਜ ਸਰਕਾਰ ਅੱਜ ਬੁਰੀ ਤਰ੍ਹਾਂ ਘਿਰੀ ਰਹੀ ਤੇ ਹਾਕਮ ਪਾਰਟੀ ਕਾਂਗਰਸ ਦੇ ਆਪਣੇ ਵਿਧਾਇਕ ਹੀ ਇਸ ਨੂੰ ਘੇਰਨ ਵਿੱਚ ਵਿਰੋਧੀ ਧਿਰ ਦੀਆਂ ਪਾਰਟੀਆਂ ਤੋਂ ਮੋਹਰੀ ਦਿਖਾਈ ਦੇਂਦੇ ਰਹੇ।

ਭਾਰਤੀ ਹਾਕੀ ਦੇ ਸਾਬਕਾ ਕੈਪਟਨ ਪਰਗਟ ਸਿੰਘ ਨੇ ਬਜਟ ਸੈਸ਼ਨ ਦੇ ਅੰਤਲੇ ਦਿਨ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਬਾਰੇ ਕਈ ਤਿੱਖੀਆਂ ਟਿੱਪਣੀਆਂ ਕੀਤੀਆਂ। ਜ਼ੀਰੋ ਆਵਰ ਦੌਰਾਨ ਉਨ੍ਹਾਂ ਨੇ ਬਿਜਲੀ ਖਰੀਦ ਦੇ ਸਮਝੌਤਿਆਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਕੇਸਾਂ ਵਿੱਚ ਸਰਕਾਰ ਦੀ ਹਰ ਪਾਸੇ ਭੰਡੀ ਹੋਣ ਦਾ ਜ਼ਿਕਰ ਕੀਤਾ। ਉਨ੍ਹਾ ਨੇ ਕਿਹਾ ਕਿ ਪੰਜਾਬ ਲਈ ਬਿਜਲੀ ਸਮਝੌਤਿਆਂ ਦਾ ਕੇਸ ਬੜਾ ਵੱਡਾ ਮੁੱਦਾ ਹੈ। ਉਨ੍ਹਾਂ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਕਿਹਾ ਕਿ ਅਸੀਂ ਕਦੇ ਕਮੇਟੀ ਬਣਾਉਣ ਦੀ ਗੱਲ ਕਰਦੇ ਹਾਂ, ਕਦੇ ਸਬ ਕਮੇਟੀ ਬਣਾ ਦਿੰਦੇ ਹਾਂ ਤੇ ਕਦੇ ਅਧਿਕਾਰੀਆਂ ਦੀ ਕਮੇਟੀ ਬਣਾ ਦਿੰਦੇ ਹਾਂ। ਉਨ੍ਹਾਂ ਕਿਹਾ ਕਿ ਇਹ ਤਾਂ ਉਦੋਂ ਹੁੰਦਾ ਹੈ, ਜਦੋਂ ਕੰਮ ਨਾ ਕਰਨਾ ਹੋਵੇ। ਪਰਗਟ ਸਿੰਘ ਨੇ ਕਿਹਾ ਕਿ ਅਸੀਂ ਇਸ ਸਾਰੇ ਕੁਝ ਉੱਤੇ ਵ੍ਹਾਈਟ ਪੇਪਰ ਲਿਆਉਣ ਦੀ ਗੱਲ ਕੀਤੀ ਹੈ, ਅਸਲ ਵਿੱਚ ਹੁੰਦਾ ਕੁਝ ਨਹੀਂ। ਉਨ੍ਹਾਂ ਕਿਹਾ ਕਿ ਸਿਆਸੀ ਆਗੂਆਂ ਦੀ ਫੇਸ ਵੈਲਿਊ ਖਤਮ ਹੋ ਰਹੀ ਹੈ, ਜਿਹੜੀ ਸਮਾਜ ਲਈ ਕਾਫ਼ੀ ਘਾਤਕ ਹੋਵੇਗੀ।

ਪਰਗਟ ਸਿੰਘ ਨੇ ਸਪੀਕਰ ਨੂੰ ਬੇਨਤੀ ਕੀਤੀ ਕਿ ਇਸ ਤੋਂ ਬਿਹਤਰ ਹੈ ਕਿ ਸਦਨ ਦੀ ਕੋਈ ਕਮੇਟੀ ਬਣਾ ਦਿੱਤੀ ਜਾਵੇ, ਜਿਹੜੀ ਸਮਾਂਬੱਧ ਢੰਗ ਨਾਲ



ਇਸ ਦੀ ਜਾਂਚ ਕਰੇ ਕਿ ਪਾਵਰ ਪ੍ਰਚੇਜ਼ ਐਗਰੀਮੈਂਟ ਕਿਸ ਨੇ ਤੇ ਕਿਵੇਂ ਗਲਤ ਬਣਾਏ ਸਨ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਕੇਸ ਵਿੱਚ ਵੀ ਪੰਜ ਸਾਲ ਹੋ ਗਏ ਹਨ, ਇਸ ਗੰਭੀਰ ਕੇਸ ਵਿੱਚ ਅਜੇ ਤੱਕ ਚਾਰਜ ਫਰੇਮ ਨਹੀਂ ਹੋਇਆ, ਜਿਹੜਾ ਸ਼ਰਮ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਸਾਨੂੰ ਸਭ ਨੂੰ ਪਤਾ ਨਹੀਂ ਕਿਉਂ ਭੁਲੇਖਾ ਹੈ ਕਿ ਅਸੀਂ ਪਤਾ ਨਹੀਂ ਕਿੰਨੀ ਦੇਰ ਸੱਤਾ ਸੁਖ ਮਾਨਣਾ ਹੈ, ਸੱਚ ਇਹ ਹੈ ਕਿ ਆਖ਼ਰ ਸਭ ਨੇ ਚਲੇ ਜਾਣਾ ਹੈ। ਪਰਗਟ ਸਿੰਘ ਦੇ ਭਾਸ਼ਣ ਵੇਲੇ ਸਦਨ ਵਿੱਚ ਸੰਨਾਟਾ ਛਾਇਆ ਰਿਹਾ, ਪਰ ਉਨ੍ਹਾਂ ਦੀ ਗੱਲ ਖਤਮ ਹੁੰਦੇ ਸਾਰ ਸਦਨ ਵਿੱਚ ਮੌਜੂਦ ਹਾਕਮ ਅਤੇ ਵਿਰੋਧੀ ਧਿਰ ਦੇ ਵਿਧਾਇਕਾਂ ਨੇ ਮੇਜ਼ਾਂ ਥਪਥਪਾ ਕੇ ਉਨ੍ਹਾਂ ਦਾ ਸਮਰਥਨ ਕੀਤਾ।

ਜ਼ੀਰੋ ਆਵਰ ਦੌਰਾਨ ਅੱਜ ਫਿਰ ਗੁਰਦਾਸਪੁਰ ਦੇ ਵਿਧਾਇਕ ਬਰਿੰਦਰਮੀਤ ਸਿੰਘ ਪਾਹੜਾ ਨੇ ਨਵੀਂ ਦਿੱਲੀ ਪੰਜਾਬ ਭਵਨ ਵਿੱਚ ਕਮਰੇ ਦੀ ਬੁਕਿੰਗ ਦਾ ਮੁੱਦਾ ਚੁੱਕਿਆ। ਉਨ੍ਹਾਂ ਕਿਹਾ ਕਿ ਅਜੇ ਤੱਕ ਉਨ੍ਹਾਂ ਨੂੰ ਬੁਕਿੰਗ ਦੀ ਕਨਫਰਮੇਸ਼ਨ ਨਹੀਂ ਮਿਲੀ, ਜਿਸ ਉੱਤੇ ਸਪੀਕਰ ਨੇ ਉਨ੍ਹਾਂ ਨੂੰ ਕਿਹਾ ਕਿ ਇਹ ਕੇਸ ਕੱਲ ਵਿਸਥਾਰ ਨਾਲ ਉਠਾਇਆ ਗਿਆ ਸੀ ਤੇ ਅੱਜ ਚੀਫ ਸੈਕਟਰੀ ਨੂੰ ਉਨ੍ਹਾਂ ਨੇ ਸੱਦਿਆ ਹੈ, ਉਹ ਕੋਰਟ ਵਿੱਚ ਪੇਸ਼ੀ ਤੋਂ ਬਾਅਦ ਉਨ੍ਹਾਂ ਨੂੰ ਆ ਕੇ ਮਿਲਣਗੇ। ਉਨ੍ਹਾਂ ਵਿਸ਼ਵਾਸ ਦਿੱਤਾ ਕਿ ਇਹ ਮਾਮਲਾ ਹੱਲ ਹੋ ਜਾਵੇਗਾ। ਬਰਿੰਦਰਮੀਤ ਸਿੰਘ ਪਾਹੜਾ ਨੇ ਅਫਸਰਾਂ ਬਾਰੇ ਕਿਹਾ ਕਿ ਪਿਛਲੇ ਤਿੰਨ ਸਾਲਾਂ ਤੋਂ ਪੰਜਾਬ ਭਵਨ ਨਵੀਂ ਦਿੱਲੀ ਵਿੱਚ ਐਡਵੋਕੇਟ ਜਨਰਲ ਅਤੁਲ ਨੰਦਾ ਅਤੇ ਚੀਫ਼ ਸੈਕਟਰੀ ਦੇ ਨਾਮ ਉੱਤੇ ਕਮਰਾ ਬੁੱਕ ਹੈ, ਇਸ ਲਈ ਉਨ੍ਹਾਂ ਤੋਂ ਕਮਰਿਆਂ ਦਾ ਕਿਰਾਇਆ ਵਸੂਲ ਕੀਤਾ ਜਾਵੇ।

ਵਿਰੋਧੀ ਧਿਰ ਦੇ ਆਗੂ ਹਰਪਾਲ ਸਿੰਘ ਚੀਮਾ ਨੇ ਰੋਪੜ ਇਲਾਕੇ ਦੀਆਂ ਤਿੰਨ ਰੇਤ ਖਾਨਾਂ ਬਾਰੇ ਕਿਹਾ ਕਿ ਐੱਨ ਜੀ ਟੀ (ਨੈਸ਼ਨਲ ਗਰੀਨ ਟ੍ਰਿਬਿਊਨਲ) ਦੇ ਹੁਕਮਾਂ ਉੱਤੇ ਇਹ ਬੰਦ ਕੀਤੀਆਂ ਹਨ, ਪਰ ਇਨ੍ਹਾਂ ਦੇ ਠੇਕੇਦਾਰਾਂ ਵੱਲ ਸਰਕਾਰ ਦੇ 632 ਕਰੋੜ ਰੁਪਏ ਪੈਂਡਿੰਗ ਹਨ, ਜਿਸ ਦੀ ਵਸੂਲੀ ਲਈ ਸਰਕਾਰ ਗੰਭੀਰ ਨਹੀਂ। ਉਨ੍ਹਾ ਨੇ ਖ਼ਜ਼ਾਨਾ ਮੰਤਰੀ ਨੂੰ ਕਿਹਾ ਕਿ ਸਰਕਾਰੀ ਖਜ਼ਾਨਾ ਇਨ੍ਹਾਂ ਵਸੂਲੀਆਂ ਨਾਲ ਭਰੇਗਾ। ਉਨ੍ਹਾਂ ਰਾਜ ਵਿੱਚ ਚੱਲਦੇ ਨਵੀਂ ਕਿਸਮ ਦੇ 'ਇੰਟਰਲਾਕ ਟਾਈਲਸ' ਦੇ ਮਾਫੀਆ ਬਾਰੇ ਕਿਹਾ ਕਿ ਮਾਰਕੀਟ ਵਿੱਚ 5-7 ਰੁਪਏ ਵਿੱਚ ਮਿਲਦੀ ਟਾਈਲ ਉਹ ਕਿਸੇ ਦੀ ਰਾਜਨੀਤਕ ਸ਼ਹਿ ਕਾਰਨ ਸਰਕਾਰੀ ਕੰਮ ਲਈ 13-15 ਰੁਪਏ ਵਿੱਚ ਵੇਚਦੇ ਹਨ।

## ਅੱਜ ਨਾਮਾ

ਪਰਗਟ ਪਿਆ ਸਰਕਾਰ ਨੂੰ ਫੇਰ ਸਿੱਧਾ,
ਪਿਆ ਹੈ ਰਾਜਾ ਵੜਿੰਗ ਵੀ ਬੋਲ ਬੇਲੀ।
ਰਹਿੰਦਾ ਪਿੱਛੇ ਨਾ ਕਦੀ ਕੁਲਬੀਰ ਜ਼ੀਰਾ,
ਉਹ ਵੀ ਗਿਆ ਕੁਝ ਫੋਲਣੇ ਫੋਲ ਬੇਲੀ।
ਭੜਕਿਆ ਮੰਤਰੀ ਇੱਕ ਸੀ ਕੱਲ੍ਹ ਏਦਾਂ,
ਸੜਕ ਉੱਤੇ ਜਿਉਂ ਕੁੱਟੀਦਾ ਢੋਲ ਬੇਲੀ।
ਬੋਲੇ ਸੱਜਣ ਨਾ ਕਈ ਹਨ ਅਜੇ ਬੇਸ਼ਕ,
ਅੰਦਰੋਂ ਉਹ ਵੀ ਵਿੱਸ ਰਹੇ ਘੋਲ ਬੇਲੀ।
ਜੋ ਵੀ ਬੋਲਦਾ, ਇੱਕੋ ਜਿਹੀ ਗੱਲ ਆਖੇ,
ਸਾਡੀ ਸਰਕਾਰ ਤੋਂ ਲੋਕ ਨੇ ਦੁਖੀ ਬੇਲੀ।
ਕੀਤਾ ਅਸੀਂ ਨਾ ਦੁੱਖ ਇਹ ਦੂਰ ਜੇਕਰ,
ਹੋਣਾ ਸਾਡਾ ਵੀ ਰਹਿਣ ਨਾ ਸੁਖੀ ਬੇਲੀ।

**ਤੀਸ ਮਾਰ ਖਾਂ**

# ਅਮਰੀਕਾ ਤੇ ਤਾਲਿਬਾਨ ਸਮਝੌਤਾ ਚਾਰ ਦਿਨ ਵੀ ਨਹੀਂ ਚੱਲਿਆ

*** ਤਾਲਿਬਾਨ ਦੇ ਹਮਲੇ 20 ਜਵਾਨਾਂ ਦੀ ਮੌਤ * ਅਮਰੀਕੀ ਫੌਜ ਨੇ ਜਵਾਬੀ ਹਮਲੇ ਵਿੱਚ ਤਾਲਿਬਾਨ ਮਾਰੇ**



ਕਾਬੁਲ, 4 ਮਾਰਚ, (ਪੋਸਟ ਬਿਊਰੋ)- ਅਫ਼ਗਾਨਿਸਤਾਨ ਵਿੱਚ ਪੱਕੇ ਅਮਨ ਦੇ ਲਈ ਅਮਰੀਕਾ ਤੇ ਤਾਲਿਬਾਨ ਵਿਚਾਲੇ ਕੀਤਾ ਗਿਆ ਸਮਝੌਤਾ ਚਾਰ ਦਿਨ ਵੀ ਨਹੀਂ ਚੱਲ ਸਕਿਆ। ਤਾਲਿਬਾਨ ਨੇ ਬੀਤੇ ਮੰਗਲਵਾਰ ਰਾਤ ਕੁੰਦੁਜ ਅਤੇ ਉਰੁਜਗਾਨ ਜ਼ਿਲ੍ਹੇ ਵਿੱਚ ਹਮਲਾ ਕਰ ਕੇ ਅਫ਼ਗਾਨ ਫ਼ੌਜ ਅਤੇ ਪੁਲਿਸ ਦੇ 20 ਜਵਾਨਾਂ ਨੂੰ ਮਾਰ ਦਿੱਤਾ ਅਤੇ ਫਿਰ ਅਮਰੀਕੀ ਫੌਜ ਨੇ ਤਾਲਿਬਾਨ ਦੇ ਟਿਕਾਣਿਆਂ ਉੱਤੇ ਜਵਾਬੀ ਹਮਲਾ ਕਰ ਕੇ ਕਈ ਅੱਤਵਾਦੀ ਮਾਰ ਦਿੱਤੇ ਹਨ।

ਪਤਾ ਲੱਗਾ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਤੇ ਤਾਲਿਬਾਨ ਆਗੂ ਮੁੱਲਾ ਅਬਦੁੱਲ ਗਨੀ ਬਿਰਾਦਰ ਦੇ ਵਿਚਾਲੇ ਮੰਗਲਵਾਰ ਫੋਨ ਉੱਤੇ ਹੋਈ ਗੱਲਬਾਤ ਦੇ ਕੁਝ ਘੰਟੇ ਬਾਅਦ ਤਾਲਿਬਾਨ ਨੇ ਇਹ ਵਾਰਦਾਤ ਕਰ ਦਿੱਤੀ ਸੀ, ਹਾਲਾਂਕਿ ਟਰੰਪ ਨੇ ਮੁੱਲਾ ਬਿਰਾਦਰ ਨਾਲ ਹੋਈ ਗੱਲਬਾਤ ਨੂੰ ਕਾਫੀ ਚੰਗਾ ਕਿਹਾ ਸੀ, ਪਰ ਇਸ ਹਮਲੇ ਨਾਲ ਭੜਕੇ ਹੋਏ ਅਮਰੀਕਾ ਨੇ ਬੁੱਧਵਾਰ ਦੱਖਣੀ ਹੇਲਮੰਦ ਸੂਬੇ ਵਿੱਚ ਤਾਲਿਬਾਨ ਦੇ ਟਿਕਾਣਿਆਂ ਉੱਤੇ ਕਈ ਹਵਾਈ ਹਮਲੇ ਕੀਤੇ।

ਅਫ਼ਗਾਨਿਸਤਾਨ ਵਿੱਚ ਅਮਰੀਕੀ ਫ਼ੌਜਾਂ ਦੇ ਬੁਲਾਰੇ ਸਨੀ ਲੇਗੇਟ ਨੇ ਅੱਜ ਟਵੀਟ ਵਿੱਚ ਕਿਹਾ ਕਿ 'ਹਵਾਈ ਹਮਲੇ ਸਵੈ ਰੱਖਿਆ ਲਈ ਕੀਤੇ ਹਨ ਤਾਂ ਕਿ ਤਾਲਿਬਾਨ ਦੇ ਹਮਲੇ ਰੋਕੇ ਜਾਣ। ਪਿਛਲੇ 11 ਦਿਨਾਂ ਵਿੱਚ ਅਮਰੀਕਾ ਵੱਲੋਂ ਹੋਇਆ ਇਹ ਪਹਿਲਾ ਹਮਲਾ ਹੈ। ਤਾਲਿਬਾਨ ਆਗੂਆਂ ਨੇ ਸੰਸਾਰ ਭਾਈਚਾਰੇ ਨਾਲ ਵਾਅਦਾ ਕੀਤਾ ਸੀ ਕਿ ਹਿੰਸਾ ਘੱਟ ਕਰਨਗੇ ਤੇ ਹਮਲੇ ਨਹੀਂ ਵਧਾਉਣਗੇ। ਸਾਡੀ ਤਾਲਿਬਾਨ ਨੂੰ ਅਪੀਲ ਹੈ ਕਿ ਉਹ ਹਮਲੇ ਬੰਦ ਕਰਨ ਅਤੇ ਆਪਣੇ ਵਾਅਦੇ ਪੂਰੇ ਕਰਨ। ਅਸੀਂ ਪਹਿਲਾਂ ਕਹਿ ਚੁੱਕੇ ਹਾਂ ਕਿ ਲੋੜ ਪੈਣ ਉੱਤੇ ਅਸੀਂ ਆਪਣੇ ਸਹਿਯੋਗੀ ਦੀ ਮਦਦ ਕਰਾਂਗੇ। ਅਸੀਂ ਇਸ ਖੇਤਰ ਵਿੱਚ ਅਮਨ ਕਾਇਮ ਕਰਨ ਲਈ ਵਚਨਬੱਧ ਹਾਂ, ਪਰ ਅਫ਼ਗਾਨ ਫੌਜ ਦੀ ਸੁਰੱਖਿਆ ਕਰਨ ਦੀ ਵੀ ਸਾਡੀ ਜ਼ਿੰਮੇਵਾਰੀ ਹੈ। ਅਸੀਂ ਤਾਲਿਬਾਨ ਅਤੇ ਅਮਰੀਕਾ ਦੇ ਸਮਝੌਤੇ ਦੀ ਪਾਲਣਾ ਕਰ ਰਹੇ ਹਾਂ, ਪਰ ਲੱਗਦਾ ਹੈ ਕਿ ਤਾਲਿਬਾਨ ਲੋਕਾਂ ਦੀ ਅਮਨ ਦੀ ਇੱਛਾ ਨੂੰ ਅਣਡਿੱਠ ਕਰ ਰਿਹਾ ਹੈ।' ਅਮਰੀਕਾ ਦੀ ਫ਼ੌਜ ਦੇ ਬੁਲਾਰੇ ਨੇ ਦੱਸਿਆ ਹੈ ਕਿ ਤਾਲਿਬਾਨ ਨੇ ਮੰਗਲਵਾਰ ਇਕੱਲੇ ਹੇਲਮੰਦ ਰਾਜ ਦੀਆਂ ਚੌਕੀਆਂ ਉੱਤੇ 43 ਹਮਲੇ ਕੀਤੇ ਸਨ।

ਹੇਲਮੰਦ ਦੀ ਸਟੇਟ ਕੌਂਸਲ ਦੇ ਮੈਂਬਰ ਸਫੀਉੱਲਾ ਅਮੀਰੀ ਨੇ ਦੱਸਿਆ ਕਿ ਕੱਲ੍ਹ ਤਾਲਿਬਾਨ ਨੇ ਕੁੰਦੁਜ ਦੇ ਇਮਾਮ ਸਾਹਿਬ ਜ਼ਿਲ੍ਹੇ ਵਿੱਚ ਜਦੋਂ ਤਿੰਨ ਫ਼ੌਜੀ ਚੌਕੀਆਂ ਉੱਤੇ ਹਮਲਾ ਕੀਤਾ ਤਾਂ 10 ਫ਼ੌਜੀਆਂ ਅਤੇ ਚਾਰ ਪੁਲਿਸ ਵਾਲਿਆਂ ਦੀ ਮੌਤ ਹੋ ਗਈ। ਇਸ ਤੋਂ ਬਿਨਾ ਤਾਲਿਬਾਨ ਨੇ ਉਰੁਜਗਾਨ ਸੂਬੇ ਵਿੱਚ ਪੁਲਿਸ ਉੱਤੇ ਵੱਡਾ ਹਮਲਾ ਕੀਤਾ ਤਾਂ ਕੁਝ ਪੁਲਿਸ ਵਾਲੇ ਮਾਰੇ ਗਏ ਅਤੇ ਸੱਤ ਜ਼ਖ਼ਮੀ ਹੋ ਗਏ।

ਵਰਨਣ ਯੋਗ ਹੈ ਕਿ ਅਫ਼ਗਾਨਿਸਤਾਨ ਵਿੱਚ ਸਥਾਈ ਅਮਨ ਲਈ ਬੀਤੇ ਸ਼ਨਿਚਰਵਾਰ ਕਤਰ ਦੀ ਰਾਜਧਾਨੀ ਦੋਹਾ ਵਿੱਚ ਅਮਰੀਕਾ ਅਤੇ ਤਾਲਿਬਾਨ ਨੇ ਇਕ ਸਮਝੌਤੇ ਉੱਤੇ ਦਸਖ਼ਤ ਕੀਤੇ ਸਨ। ਇਸ ਸਮਝੌਤੇ ਹੇਠ ਅਮਰੀਕਾ 130 ਦਿਨਾਂ ਵਿੱਚ ਅਫ਼ਗਾਨਿਸਤਾਨ ਵਿੱਚੋਂ ਆਪਣੇ ਫ਼ੌਜੀਆਂ ਦੀ ਗਿਣਤੀ 13 ਹਜ਼ਾਰ ਤੋਂ ਘਟਾ ਕੇ 8,600 ਕਰੇਗਾ। ਅਮਰੀਕਾ ਨੇ 14 ਮਹੀਨਿਆਂ ਵਿੱਚ ਆਪਣੀ ਸਾਰੀ ਫ਼ੌਜ ਨੂੰ ਅਫ਼ਗਾਨਿਸਤਾਨ ਤੋਂ ਵਾਪਸ ਸੱਦਣ ਦੀ ਵੀ ਸਹਿਮਤੀ ਦਿੱਤੀ ਹੈ। ਸਮਝੌਤੇ ਵਿੱਚ ਦਰਜ ਹੈ ਕਿ 10 ਮਾਰਚ ਨੂੰ ਨਾਰਵੇ ਵਿੱਚ ਹੋਣ ਵਾਲੀ ਗੱਲਬਾਤ ਤੋਂ ਪਹਿਲਾਂ ਅਫ਼ਗਾਨ ਸਰਕਾਰ ਆਪਣੇ 1000 ਕੈਦੀਆਂ ਬਦਲੇ ਜੇਲ੍ਹ ਵਿੱਚ ਬੰਦ 5 ਹਜ਼ਾਰ ਤਾਲਿਬਾਨ ਨੂੰ ਛੱਡੇਗੀ, ਪਰ ਰਾਸ਼ਟਰਪਤੀ ਅਸ਼ਰਫ ਗਨੀ ਨੇ ਇਸ ਗੱਲਬਾਤ ਤੋਂ ਪਹਿਲਾਂ ਤਾਲਿਬਾਨ ਨੂੰ ਛੱਡਣ ਤੋਂ ਇਨਕਾਰ ਕਰ ਦਿੱਤਾ ਹੈ।

# ਪਾਕਿ ਟੀ ਵੀ ਉੱਤੇ ਲਾਈਵ ਪ੍ਰੋਗਰਾਮ ਦੌਰਾਨ ਲੇਖਕ ਨੇ ਔਰਤ ਨੂੰ ਗਾਲਾਂ ਕੱਢੀਆਂ

*** 'ਮੇਰਾ ਜਿਸਮ, ਮੇਰੀ ਮਰਜ਼ੀ' ਬਾਰੇ ਪਾਕਿ ਲੇਖਕ ਲੀਹੋਂ ਲੱਥ ਗਿਆ**

ਇਸਲਾਮਾਬਾਦ, 4 ਮਾਰਚ, (ਪੋਸਟ ਬਿਊਰੋ)- ਪਾਕਿਸਤਾਨ ਦੇ ਪ੍ਰਸਿੱਧ ਲੇਖਕ ਖਲੀਲ ਉਰ ਰਹਿਮਾਨ ਦੀ ਇਕ ਵੀਡੀਓ ਵਾਇਰਲ ਹੋਈ ਹੈ, ਜਿਸ ਲਈ ਉਨ੍ਹਾਂ ਦੀ ਸਖਤ ਨਿੰਦਾ ਹੋ ਰਹੀ ਹੈ। ਅਸਲ ਵਿੱਚ ਪਾਕਿਸਤਾਨ ਦੇ ਇਕ ਟੀ ਵੀ ਚੈਨਲ ਦੀ ਲਾਈਵ ਬਹਿਸ ਵਿਚ ਖਲੀਲ ਨੇ ਮਹਿਲਾ ਪੈਨਲਿਸਟ ਨੂੰ ਗਾਲਾਂ ਕੱਢੀਆਂ ਸਨ। ਇਸ ਦੀ ਵੀਡੀਓ ਸੋਸ਼ਲ ਮੀਡੀਆ ਉੱਤੇ ਵਾਇਰਲ ਹੋਣ ਪਿੱਛੋਂ ਉਨ੍ਹਾਂ ਨੂੰ ਇੰਟਰਨੈੱਟ ਉੱਤੇ ਜੰਮ ਕੇ ਚੰਡਿਆ ਜਾ ਰਿਹਾ ਹੈ। ਸ਼ੋਅ ਦੌਰਾਨ ਮਹਿਲਾ ਗੈਸਟ ਦੇ ਤੌਰ ਉੱਤੇ ਪ੍ਰਸਿੱਧ ਇਸਤਰੀ ਐਕਟੀਵਿਸਟ ਤੇ ਵਿਸ਼ਲੇਸ਼ਕ ਮਾਰਵੀ ਸਿਰਮਦ ਵੀ ਫੋਨ ਰਾਹੀਂ ਸ਼ਾਮਲ ਸੀ ਤੇ ਇਸ ਦੀ ਬਹਿਸ ਦੌਰਾਨ ਲੇਖਕ ਖਲੀਲ ਉਰ ਰਹਿਮਾਨ ਨੇ ਉਨ੍ਹਾਂ ਨੂੰ ਗਾਲਾਂ ਕੱਢ ਦਿੱਤੀਆਂ।

ਵਰਨਣ ਯੋਗ ਹੈ ਕਿ ਇਹ ਬਹਿਸ ਪਾਕਿਸਤਾਨ ਵਿਚ ਅੱਜ ਕੱਲ੍ਹ ਚਰਚਿਤ ਹੋ ਰਹੇ 'ਮੇਰਾ ਜਿਸਮ, ਮੇਰੀ ਮਰਜ਼ੀ' ਦੇ ਮੁੱਦੇ ਉੱਤੇ ਸੀ। ਪਾਕਿਸਤਾਨ ਵਿਚ ਅੱਜ ਕੱਲ੍ਹ ਔਰਤਾਂ ਆਪਣੇ ਅਧਿਕਾਰਾਂ ਲਈ ਦੇਸ਼ ਵਿਚ ਮਾਰਚ ਕੱਢ ਰਹੀਆਂ ਹਨ। ਇਸ ਮਾਰਚ ਨੂੰ 'ਔਰਤ ਮਾਰਚ' ਦਾ ਨਾਂ ਦਿੱਤਾ ਗਿਆ ਹੈ। ਖਲੀਲ ਉਰ ਰਹਿਮਾਨ ਨੇ ਬਹਿਸ ਵਿਚ ਕਹਿ ਦਿੱਤਾ ਕਿ 'ਮੇਰਾ ਜਿਸਮ, ਮੇਰੀ ਮਰਜ਼ੀ' ਵਰਗੇ ਨਾਅਰੇ ਉੱਤੇ ਅਦਾਲਤ ਨੇ ਰੋਕ ਲਾ ਦਿੱਤੀ ਹੈ, ਪਰ ਜਦ ਮੈਂ ਮਾਰਵੀ ਵਰਗੇ ਲੋਕਾਂ ਤੋਂ ਇਹ ਨਾਅਰੇ ਸੁਣਦਾ ਹਾਂ ਤਾਂ ਮੇਰਾ ਕਲੇਜਾ ਹਿੱਲ ਜਾਂਦਾ ਹੈ। ਬਹਿਸ ਦੀ ਵੀਡੀਓ ਮੁਤਾਬਕ ਖਲੀਲ ਦੇ ਇੰਨਾ ਕਹਿੰਦੇ ਹੀ ਮਾਰਵੀ ਸਿਰਮਦ ਨੇ 'ਮੇਰਾ ਜਿਸਮ, ਮੇਰੀ ਮਰਜ਼ੀ' ਦਾ ਨਾਅਰਾ ਲਾ ਦਿੱਤਾ। ਫਿਰ ਖਲੀਲ ਭੜਕ ਕੇ ਉਨ੍ਹਾਂ ਨੂੰ ਗਾਲਾਂ ਕੱਢਣ ਲੱਗੇ ਤੇ ਕਿਹਾ; 'ਤੇਰਾ ਜਿਸਮ ਹੈ ਕਿਆ, ਕੋਈ ਥੁਕਤਾ ਤੱਕ ਨਹੀਂ ਤੁਝ ਪਰ। ਬੀਚ ਮੇਂ ਮਤ ਬੋਲ, ਅਪਨਾ ਮੂੰਹ ਬੰਦ ਰੱਖ।'

ਇਸ ਵਿਵਾਦਤ ਵੀਡੀਓ ਦੇ ਵਾਇਰਲ ਹੋਣ ਮਗਰੋਂ ਕਈ ਲੋਕਾਂ ਨੇ ਪ੍ਰਤੀਕਿਰਿਆ ਦਿੱਤੀ ਹੈ। ਪ੍ਰਸਿੱਧ ਪਾਕਿਸਤਾਨੀ ਅਭਿਨੇਤਰੀ ਮਾਹਿਰਾ ਖਾਨ ਨੇ ਖਲੀਲ ਬਾਰੇ ਟਵੀਟ ਕੀਤਾ: 'ਜੋ ਕੁਝ ਮੈਂ ਦੇਖਿਆ ਤੇ ਸੁਣਿਆ, ਉਸ ਨੂੰ ਸੁਣ ਕੇ ਮੈਂ ਸਦਮੇ ਵਿਚ ਹਾਂ। ਟੀ ਵੀ ਉੱਤੇ ਇਕ ਮਹਿਲਾ ਨੂੰ ਗਾਲਾਂ ਕੱਢਣ ਦੇ ਬਾਵਜੂਦ ਆਖਿਰ ਕਿਸ ਲਈ ਇਸ ਸ਼ਖਸ ਨੂੰ ਇਕ ਤੋਂ ਬਾਅਦ ਇਕ ਪ੍ਰਾਜੈਕਟ ਮਿਲਦੇ ਜਾਂਦੇ ਹਨ। ਜੇ ਅਸੀਂ ਇਸ ਤਰ੍ਹਾਂ ਦੀ ਸੋਚ ਖਤਮ ਨਹੀਂ ਕਰ ਸਕੇ ਤਾਂ ਅਸੀਂ ਵੀ ਦੋਸ਼ੀ ਹਾਂ।' ਸੋਸ਼ਲ ਮੀਡੀਆ ਉੱਤੇ ਲੇਖਕ ਖਲੀਲ ਉਰ ਰਹਿਮਾਨ ਦੇ ਸਮਰਥਕਾਂ ਤੇ ਵਿਰੋਧੀਆਂ ਦੀ ਬਹਿਸ ਛਿੜੀ ਹੋਈ ਹੈ। ਇਸ ਤੋਂ ਪਹਿਲਾਂ ਟੀ ਵੀ ਸ਼ੋਅ ਦੀ ਵੀਡੀਓ ਟਵੀਟ ਕਰ ਕੇ ਮਾਰਵੀ ਸਿਰਮਦ ਨੇ ਲਿਖਿਆ: 'ਕਿਸੇ ਹੋਰ ਦੇਸ਼ ਵਿੱਚ ਮੀਡੀਆ ਵਿੱਚ ਜੇ ਏਦਾਂ ਦੀ ਬਿਆਨਬਾਜ਼ੀ ਹੁੰਦੀ ਤਾਂ ਉਸ ਦਾ ਬਾਈਕਾਟ ਹੋ ਜਾਂਦਾ, ਪਰ ਸਾਡਾ ਪਿਆਰਾ ਇਸਲਾਮਕ ਗਣਰਾਜ ਹੈ। ਬੁਰਾ ਵਿਹਾਰ ਕਰਨ ਵਾਲੇ ਉੱਤੇ ਕੋਈ ਕਾਰਵਾਈ ਨਹੀਂ ਹੋਵੇਗੀ। ਹਰ ਮੀਡੀਆ ਹਾਊਸ ਇਸੇ ਤਰ੍ਹਾਂ ਉਸ ਦਾ ਸੁਆਗਤ ਕਰੇਗਾ।'

# ਫੋਨ ਉੱਤੇ ਗੱਲ ਕਰਦੀ ਪਤਨੀ ਚਰਿੱਤਰ ਉੱਤੇ ਸ਼ੱਕ ਕਾਰਨ ਕੁਹਾੜੀ ਨਾਲ ਵੱਢ ਸੁੱਟੀ

ਮਲੋਟ, 4 ਮਾਰਚ (ਪੋਸਟ ਬਿਊਰੋ)- ਮਲੋਟ ਦੇ ਪਿੰਡ ਦਾਨੇਵਾਲਾ ਵਿੱਚ ਇੱਕ ਵਿਅਕਤੀ ਨੇ ਪਤਨੀ ਦੇ ਚਰਿੱਤਰ 'ਤੇ ਸ਼ੱਕ ਦੇ ਕਾਰਨ ਕੁਹਾੜੀ ਨਾਲ ਵਾਰ ਕਰ ਕੇ ਕਤਲ ਕਰ ਦਿੱਤਾ ਅਤੇ ਸਵੇਰੇ ਹੁੰਦੇ ਸਾਰ ਫਰਾਰ ਹੋ ਗਿਆ।

ਮਿਲੀ ਜਾਣਕਾਰੀ ਅਨੁਸਾਰ ਬਬਲੀ ਸਿੰਘ ਨਾਮਕ ਵਿਅਕਤੀ ਨਜ਼ਦੀਕ ਬਣੇ ਫੋਕਲ ਪੁਆਇੰਟ ਵਿੱਚ ਕੰਮ ਕਰਦਾ ਹੈ। ਪਿੰਡ ਦਾਨੇਵਾਲਾ ਵਿੱਚ ਉਹ ਆਪਣੀ ਪਤਨੀ ਸਮਰਜੀਤ ਕੌਰ (30), ਚਾਰ ਸਾਲਾ ਬੱਚੀ ਅਤੇ ਮਾਂ ਨਾਲ ਰਹਿੰਦਾ ਸੀ। ਸਵੇਰੇ ਕਰੀਬ ਸਾਢੇ ਸੱਤ ਵਜੇ ਜਦ ਉਸ ਦੀ ਮਾਂ ਬੱਚੀ ਨੂੰ ਸਕੂਲ ਛੱਡਣ ਗਈ ਤਾਂ ਉਸ ਦੀ ਪਤਨੀ ਫੋਨ 'ਤੇ ਕਿਸੇ ਨਾਲ ਗੱਲ ਕਰ ਰਹੀ ਸੀ। ਉਸੇ ਸਮੇਂ ਬਬਲੀ ਨੇ ਘਰ ਵਿੱਚ ਪਈ ਕੁਹਾੜੀ ਪਤਨੀ ਦੀ ਗਰਦਨ 'ਤੇ ਮਾਰ ਕੇ ਉਸ ਦੀ ਹੱਤਿਆ ਕਰ ਦਿੱਤੀ। ਇਸ ਦੀ ਸੂਚਨਾ ਮਿਲਦੇ ਸਾਰ ਥਾਣਾ ਸਿਟੀ ਪੁਲਸ ਦੇ ਮੁਖੀ ਅਮਨਦੀਪ ਸਿੰਘ ਬਰਾੜ ਓਥੇ ਪਹੁੰਚੇ। ਉਨ੍ਹਾਂ ਨੇ ਦੱਸਿਆ ਕਿ ਇਸ ਕਤਲ ਦਾ ਕਾਰਨ ਨਾਜਾਇਜ਼ ਸੰਬੰਧਾਂ ਦਾ ਸ਼ੱਕ ਦੱਸਿਆ ਗਿਆ ਹੈ। ਦੋਸ਼ੀ ਬਬਲੀ ਸਿੰਘ ਨੂੰ ਸ਼ੱਕ ਸੀ ਕਿ ਉਸ ਦੀ ਪਤਨੀ ਕਿਸੇ ਹੋਰ ਨਾਲ ਫੋਨ 'ਤੇ ਗੱਲ ਕਰਦੀ ਹੈ। ਇਸ ਲਈ ਉਨ੍ਹਾਂ ਵਿੱਚ ਕਲੇਸ਼ ਰਹਿੰਦਾ ਸੀ। ਕੱਲ੍ਹ ਜਦ ਬਬਲੀ ਦੀ ਮਾਂ ਉਸ ਦੀ ਬੇਟੀ ਨੂੰ ਸਕੂਲ ਛੱਡਣ ਗਈ ਤਾਂ ਸਿਮਰਜੀਤ ਕੌਰ ਕਿਸੇ ਨਾਲ ਫੋਨ 'ਤੇ ਗੱਲ ਕਰ ਰਹੀ ਸੀ। ਇਸ ਗੱਲ ਤੋਂ ਗੁੱਸੇ ਵਿੱਚ ਆਏ ਉਸ ਨੇ ਪਤਨੀ ਦੀ ਗਰਦਨ 'ਤੇ ਕੁਹਾੜੀ ਮਾਰ ਕੇ ਉਸ ਦਾ ਕਤਲ ਕਰ ਦਿੱਤਾ।

"Quality is our strength."
SKYDOME GROUP OF COMPANIES
WE DEAL WITH ALL INSURANCE COMPANIES
MINISTRY APPROVED SALVAGE INSPECTION STATION
Body Centre
Daljit Singh
308 Rutherford Road Brampton
905-874-9878
Skydome Emission & Allignment Centre Inc.
210 Rutherford Rd., Brampton
905-450-9878
QUALITY USED CARS
STAFFORD TRUCK CENTRE
30 Stafford Dr., Brampton, Tel: 905-460-1414
HEAD OFFICE: 905-874-9878
Tol Free: 1-877-799-9878, www.skydomeauto.ca

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

Paramjit Deol
Broker
CELL: 416-993-7378
7071 Airport Rd, Suit 201, Mississauga, ON



1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available
Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca
"Your neighborhood broker, Call Paramjit Deol Today"

Mississauga $749,000
7089 Torbram Rd: Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades .

Toronto $179,000
barBURRITO
6464 Yonge St 128: Well Establish Franchise Opportunity Of Bar Burrito, Located In A Very Busy & Well Known Mall At Center Point Mall In The Food Court, High Traffic Shopping Centre, Great Daily Exposure, Long Term Lease Sale Are $ 45,000 Per Month & Very Low Rent.

Caledon $749,900
Old Church & Atchinson: Caledon East One Of The Best Communities To Live & Raise Your Family W/ Amenities Right In Town. Freehold Townhouse, Grand Foyer, Hardwood With Oak Stairs, Laminate In The Bedrooms, Sensational Kitchen W/ Granite Counter Top, Centre Island.

Mississauga $199,900
Techlogics
5315 Tomken Rd 5: Great Investment Opportunity! Well Established Electronics Store In Mississauga W/ Approx. 2100 Sq Ft, Very Low Rent Of $2,100 & Sales Of $80,000-$90,000. Will Not Last Long!

Brampton $349,000
Photo Not Available
10635 Bramalea Rd J-4:Turn Key Operation, Well Established Franchise Pizzeria Business For Sale. Located In A Very Busy Plaza W/ High Anchor Tenants Such As Freshco, Beer Store, Banks, Schools & More, Very Profitable Business W/ Sales Of $55,000-$60,000/Month.

Brampton $249,000
373 Steeles Ave W 1 : Fantastic Opportunity To Be A Part Of A Well Established & Fast Growing Franchise, Mumma's Burritos Located In High Demand & Traffic Flow Area, Across From Sheridan College, Great Flow Traffic , Unbelievable Sales Of $28,000/Month As Per Seller, Very Low Rent Of $4,612.

MISSISSAUGA $299,000
Photo Not Available
5380 Terry Fox Way 12: Turn Key Operation, Be Your Own Boss Today, Franchise Pizzeria In A High Demand Area Of Mississauga, Surrounded By Thousands Of Homes, Situated In A Very Busy Plaza. Weekly Sales Of $15,000 & Very Low Rent Of $4,000 Per Month, Great Net Profits, Long Term Lease Worry Free.

Waterloo $399,000
Photo Not Available
Hickory & Hemlock: Golden Investment Or Live-In Opportunity. Minutes Walking To Waterloo & Laurier Universities. Steps To Public Transport & Minutes To Go Station. 2 Br/2 Wr Fully Furnished. Plus One Parking Space, 2 Years Free Maintenance Fee & Management Fee. Fully Furnished

Brampton $349,000
Photo Not Available
284 Orenda Dr 19: Well Established Indian Restaurant In A High Demand Area Of Brampton, 16 Years In Business, Well Known For Taste And Service. Excellent Corporate Location, In A Very Busy Plaza With Fabulous Exposure, Daily Buffet, Catering, Dine-In Veg. And Non-Veg. Rent Of $6,700

Brampton $459,000
7800 Hurontario St 1 : Well Established Franchise Opportunity, Sales Of $50K P/M Galito's Chicken, Authentic South African Restaurant, Surrounded By Thousands Of Homes, Businesses & Industrial Areas, Great Exposure, High Density Traffic Flow Daily, Great Size Dinning & Bar Areas.

Barrie $769,000
Ferndale & Edgehill :Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit,13 Feet High Ceiling In Dining Room Situated On A Ravine Backing With An Extra Deep Lot.

Oshawa $659,000
Photo Not Available
150 Windfields Farm Dr 86:Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

Brampton $499,000
15 Gateway Blvd: Opportunity Awaits, Professionally Designed Restaurant + Bars+ 2 Party Rooms, Llbo. Very Busy Restaurant, Capacity Of 150 People For Restaurant With 2 Additional Party Rooms W/ Capacity Of 40 People + 40 Dine In & Take-Out Catering. Excellent $$ Making Opportunity With Many Revenue

Brampton $549,000
Clark & Bramalea: Professionally Renovated 4 Br & 2 Full Washroom Townhouse Near Bramalea City Centre. New Luxurious Modern Kitchen With Granite Countertop, Undermount S/S Sink & Backsplash. New Oak Staircase, All New Flooring, Pot Lights, New Modern Washrooms & New Classic Door.

Toronto $789,000
Warden And Steeles:Extreme Makeover"Condo Edition! This Rarely Offered Corner Unit Is A Must See. The Spacious 1907 Sqft, 2Bdr/2Bath Has Received A Top To Bottom Update & The Transformation Is Simply Stunning. Brand New O/ C Eat-In Kit, S/S Appli, Custom-Made Ww Treatment, Drapery.

Mississauga $715,000
Derry And Mclaughlin:One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement .

*Canadian punjabi post assumes no responsibility for the accuracy of any information shown. Copyright Ppost 2019

# ਕਾਂਜਲੀ ਵੈੱਟਲੈਂਡ ਅਗਲੇ ਮਹੀਨੇ ਬਣ ਜਾਵੇਗਾ ਸੈਰ-ਸਪਾਟੇ ਦਾ ਮੁੱਖ ਕੇਂਦਰ : ਦੀਪਤੀ ਉੱਪਲ



ਕਪੂਰਥਲਾ, 4 ਮਾਰਚ (ਗਿਆਨ ਸਿੰਘ): ਕਾਂਜਲੀ ਵੈੱਟਲੈਂਡ ਨੂੰ ਮੁੜ ਉੱਚ ਪੱਧਰੀ ਸੈਰ ਸਪਾਟਾ ਕੇਂਦਰ ਵਜੋਂ ਵਿਕਸਤ ਕਰਨ ਦਾ ਕਪੂਰਥਲਾ ਵਾਸੀਆਂ ਦਾ ਸੁਪਨਾ ਆਉਂਦੇ ਅਪ੍ਰੈਲ ਮਹੀਨੇ ਪੂਰਾ ਹੋਣ ਜਾ ਰਿਹਾ ਹੈ। ਇਹ ਪ੍ਰਗਟਾਵਾ ਡਿਪਟੀ ਕਮਿਸ਼ਨਰ ਦੀਪਤੀ ਉੱਪਲ ਨੇ ਅੱਜ ਕਾਂਜਲੀ ਵੈੱਟਲੈਂਡ ਦੀ ਪੁਨਰ ਸੁਰਜੀਤੀ ਦੇ ਚੱਲ ਰਹੇ ਕੰਮ ਦਾ ਜਾਇਜ਼ਾ ਲੈਣ ਮੌਕੇ ਕੀਤਾ। ਉਨ੍ਹਾਂ ਦੱਸਿਆ ਕਿ ਕਿਸੇ ਸਮੇਂ ਕਪੂਰਥਲਾ ਦੀ ਸ਼ਾਨ ਰਹੀ ਕਾਂਜਲੀ ਵੈੱਟਲੈਂਡ ਦੀ ਮੁੜ ਪਹਿਲਾਂ ਵਾਲੀ ਦਿੱਖ ਬਹਾਲ ਕਰਨ ਲਈ ਕੰਮ ਜੰਗੀ ਪੱਧਰ ’ਤੇ ਚੱਲ ਰਿਹਾ ਹੈ, ਜਿਸ ਦੇ ਮੁਕੰਮਲ ਹੋਣ ਨਾਲ ਇਥੋਂ ਦੀ ਸੁੰਦਰਤਾ ਵਿਚ ਵਿਲੱਖਣ ਵਾਧਾ ਹੋਵੇਗਾ। ਉਨ੍ਹਾਂ ਕਿਹਾ ਕਿ ਇਥੇ ਇਕ ਸੁੰਦਰ ਸੈਰਗਾਹ ਬਣਾਈ ਜਾ ਰਹੀ ਹੈ, ਜਿਸ ਲਈ ਸਰਵਿਸ ਰੋਡ ਨੂੰ ਕੰਕਰੀਟ ਨਾਲ ਪੱਕਾ ਕਰਨ, ਫੈਂਸਿੰਗ, ਪਾਰਕਾਂ, ਝੂਲੇ, ਸੁੰਦਰ ਫੁੱਲ-ਬੂਟੇ ਅਤੇ ਲਾਈਟਾਂ ਲਗਾਉਣ ਦਾ ਕੰਮ ਚੱਲ ਰਿਹਾ ਹੈ। ਇਸ ਤੋਂ ਇਲਾਵਾ ਵੈੱਟਲੈਂਡ ਦੀ ਸਾਫ-ਸਫਾਈ, ਰੈਸਟੋਰੈਂਟ ਦੇ ਨਵੀਨੀਕਰਨ, ਰੰਗ-ਰੋਗਨ ਅਤੇ ਕਿਸ਼ਤੀਆਂ ਤੇ ਟਾਇਲਟਾਂ ਆਦਿ ਦੀ ਮੁਰੰਮਤ ਦਾ ਕੰਮ ਵੀ ਜਾਰੀ ਹੈ। ਇਸੇ ਤਰ੍ਹਾਂ ਬੇਈਂ ਦੇ ਆਲੇ-ਦੁਆਲੇ ਸਾਈਕਲਿੰਗ ਟਰੈਕ ਦਾ ਨਿਰਮਾਣ ਵੀ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸੇ ਪ੍ਰਾਜੈਕਟ ਤਹਿਤ ਫਲੋਰ ਮਿਲ ਚੈਨਲ ਅਤੇ ਕਾਂਜਲੀ ਮਾਈਨਰ ਨੂੰ ਕੰਕਰੀਟ ਨਾਲ ਪੱਕਾ ਕੀਤਾ ਗਿਆ ਹੈ। ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਇਹ ਸਾਰੇ ਕੰਮ ਤੈਅ ਸਮਾਂ ਸੀਮਾ ਅੰਦਰ ਮੁਕੰਮਲ ਕਰਨ ਦੀ ਹਦਾਇਤ ਕੀਤੀ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਰਾਹੁਲ ਚਾਬਾ, ਡਵੀਜ਼ਨਲ ਜੰਗਲਾਤ ਅਫ਼ਸਰ ਸ੍ਰੀ ਰਾਜੇਸ਼ ਗੁਲਾਟੀ, ਜਲ ਸਰੋਤ ਵਿਭਾਗ ਦੇ ਐਕਸੀਅਨ ਦਵਿੰਦਰ ਸਿੰਘ, ਐਕਸੀਅਨ ਪੀ. ਡਬਲਿਊ. ਡੀ ਸਰਬਰਾਜ ਕੁਮਾਰ, ਐਕਸੀਅਨ ਜਲ ਸਪਲਾਈ ਤੇ ਸੈਨੀਟੇਸ਼ਨ ਸੁਖਪਿੰਦਰ ਸਿੰਘ, ਐਕਸੀਅਨ ਬਾਗਬਾਨੀ ਜਰਨੈਲ ਸਿੰਘ, ਵਿਸ਼ਾਲ ਸੋਨੀ, ਐਸ. ਡੀ. ਓ ਸ. ਹਰਭਜਨ ਸਿੰਘ, ਕੰਵਲਜੀਤ ਲਾਲ ਤੇ ਨਵਜੋਤ ਵਿਰਦੀ, ਗੁਰਜਿੰਦਰ ਜੀਤ ਸਿੰਘ, ਦਵਿੰਦਰ ਪਾਲ ਸਿੰਘ ਆਹੂਜਾ, ਸੁਰਿੰਦਰ ਮੋਹਨ ਸ਼ਰਮਾ, ਹਰਭਜਨ ਸਿੰਘ ਕਾਂਜਲੀ ਅਤੇ ਹੋਰ ਹਾਜ਼ਰ ਸਨ।

# ਖਾਲਸਾ ਕਮਿਉਨਿਟੀ ਸਕੂਲ ਨੇ ਸਾਲਾਨਾ ਟੈਲੈਂਟ ਸ਼ੋਅ ਕਰਵਾਇਆ









ਲਿਵਿੰਗ ਆਰਟਸ ਸੈਂਟਰ ( ਹੈਮਰਸਨ ਹਾਲ) ਮਿਸੀਸਾਗਾ ਵਿਚ ਮਾਪਿਆਂ ਨਾਲ ਖਚਾਖਚ ਭਰੇ ਆਡੀਟੋਰੀਅਮ ਵਿੱਚ ਖਾਲਸਾ ਕਮਿਉਨਿਟੀ ਸਕੂਲ ਬਰੈਂਪਟਨ ਦੇ ਵਿਦਿਆਰਥੀਆਂ ਵੱਲੋਂ 29 ਫਰਵਰੀ 2020 ਦਿਨ ਸਨਿਚਰਵਾਰ ਨੂੰ 18ਵੇਂ ਟੈਲੈਂਟ ਸ਼ੋਅ ਦਾ ਪ੍ਰਦਰਸ਼ਨ ਕੀਤਾ ਗਿਆ। ਜਿਸ ਵਿੱਚ ਜੇਕੇ ਤੋਂ ਗ੍ਰੇਡ 5 ਤੱਕ ਦੇ ਵਿਦਿਆਰਥੀਆਂ ਨੇ ਭਾਗ ਲਿਆ। ਅਰਦਾਸ ਤੋਂ ਉਪਰੰਤ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ। ਛੋਟੇ 2 ਬੱਚਿਆਂ ਨੇ ਰੰਗ ਬਿਰੰਗੇ ਕੱਪੜਿਆਂ ਵਿੱਚ ਆਪਣੇ ਆਪਣੇ ਆਈਟਮਜ਼ ਬੜੀ ਅਦਾਇਗੀ ਨਾਲ ਪੇਸ਼ ਕੀਤੇ। ਪ੍ਰੋਗਰਾਮ ਵਿੱਚ ਪੰਜਾਬੀ ਅਤੇ ਅੰਗਰੇਜੀ ਦੀਆਂ ਕਵਿਤਾਵਾਂ ਅਤੇ ਨਾਟਕ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤੇ ਗਏ । ਛੋਟੇ 2 ਬੱਚਿਆਂ ਦੀ ਅਦਾਕਾਰੀ ਦੇਖ ਕੇ ਬੱਚਿਆਂ ਦੇ ਮਾਤਾ ਪਿਤਾ , ਪਰਿਵਾਰ ਦੇ ਮੈਂਬਰ, ਦੋਸਤ ਮਿੱਤਰ ਅਤੇ ਰਿਸ਼ਤੇਦਾਰ ਬਹੁਤ ਹੀ ਖੁਸ਼ ਹੋਏ ਅਤੇ ਤਾੜੀਆਂ ਮਾਰ ਕੇ ਬੱਚਿਆਂ ਦੀ ਹੌਸਲਾ ਅਫ਼ਜਾਈ ਕਰਦੇ ਰਹੇ। ਵਿਦਿਆਰਥੀਆਂ ਵੱਲੋਂ ਸਟੇਜ ਸੈਕਟਰੀ ਦੀ ਜ਼ੁੰਮੇਵਾਰੀ ਬੜੇ ਸੁਚੱਜੇ ਢੰਗ ਨਾਲ ਨਿਭਾਈ ਗਈ। ਪੰਜਾਬੀ ਦੇ ਨਾਟਕ ‘ਅਜੋਕੀ ਜ਼ਿੰਦਗੀ’ ਵਿੱਚ ਸੋਸ਼ਲ ਮੀਡੀਆ ਦੇ ਸਾਡੀ ਰੋਜ਼ਾਨਾ ਜ਼ਿੰਦਗੀ ਤੇ ਪੈ ਰਹੇ ਬੁਰੇ ਪ੍ਰਭਾਵਾਂ ਦਾ ਵਰਣਨ ਕੀਤਾ ਗਿਆ। ਦੂਸਰੇ ਨਾਟਕ ‘ਕੋਠੀ ਵਾਲਾ ਰੋਵੇ, ਛੱਪਰ ਵਾਲਾ ਸੋਵੇ ਵਿੱਚ ਅੱਜ ਕੱਲ ਰਿਸ਼ਤਿਆਂ ਵਿੱਚ ਖਤਮ ਹੋ ਰਹੇ ਪਿਆਰ ਅਤੇ ਵੱਧ ਰਹੇ ਲਾਲਚ ਨੂੰ ਬਿਆਨ ਕੀਤਾ ਗਿਆ ਹੈ। ਖਾਲਸਾ ਕਮਿਉਨਿਟੀ ਸਕੂਲ ਵਿੱਚ ਵਿਦਿਆਰਥੀਆਂ ਦੇ ਸਰਬ- ਪੱਖੀ ਵਿਕਾਸ ਲਈ ਸਾਰਾ ਸਾਲ ਵੱਖ ਵੱਖ ਤਰ੍ਹਾਂ ਦੇ ਪ੍ਰੋਗਰਾਮ ਉਲੀਕੇ ਜਾਂਦੇ ਹਨ। ਹਰ ਸਾਲ ਵਿਦਿਆਰਥੀਆਂ ਵੱਲੋਂ ਟੈਲੈਂਟ ਸ਼ੋਅ ਕੀਤਾ ਜਾਂਦਾ ਹੈ।

# ਮਾਂ ਦੀ ਦਵਾਈ ਲੈਣ ਗਿਆ, ਪਿੱਛੋਂ ਘਰ ’ਚੋਂ ਲੱਖਾਂ ਦੇ ਗਹਿਣੇ ਚੋਰੀ

ਨਕੋਦਰ, 4 ਮਾਰਚ (ਪੋਸਟ ਬਿਊਰੋ)- ਕੱਲ੍ਹ ਦੁਪਹਿਰ ਵੇਲੇ ਮੁਹੱਲਾ ਸੁੰਦਰਨਗਰ ਵਿਚ ਚੋਰਾਂ ਨੇ ਇੱਕ ਘਰ ਵਿੱਚੋਂ ਲੱਖਾਂ ਦੇ ਗਹਿਣੇ ਅਤੇ ਮੋਬਾਈਲ ਫੋਨ ਚੋਰੀ ਕਰ ਲਿਆ। ਚੋਰੀ ਦੇ ਵਤਕ ਘਰ ਦੇ ਮਾਲਕ ਮਨਜਿੰਦਰ ਸਿੰਘ ਪੁੱਤਰ ਹਰਮੰਗਲ ਸਿੰਘ ਆਪਣੀ ਮਾਤਾ ਦੀ ਦਵਾਈ ਲੈਣ ਗਿਆ ਸੀ।

ਇਸ ਸੰਬੰਧ ਵਿੱਚ ਮੁਹੱਲਾ ਸੁੰਦਰਨਗਰ ਦੇ ਵਸਨੀਕ ਮਨਜਿੰਦਰ ਸਿੰਘ ਨੇ ਪੁਲਸ ਨੂੰ ਦੱਸਿਆ ਕਿ ਦੁਪਹਿਰ ਵੇਲੇ ਉਹ ਆਪਣੀ ਮਾਂ ਦੀ ਦਵਾਈ ਲੈਣ ਗਿਆ ਸੀ ਅਤੇ ਘਰ ਵਿੱਚ ਕੋਈ ਨਹੀਂ ਸੀ। ਜਦ ਉਹ ਵਾਪਸ ਆਇਆ ਤਾਂ ਮੇਨ ਗੇਟ ਦਾ ਤਾਲਾ ਟੁੱਟਾ ਹੋਇਆ ਸੀ। ਘਰ ਦੇ ਅੰਦਰ ਕਮਰਿਆਂ ਵਿੱਚ ਅਲਮਾਰੀਆਂ ਦੇ ਤਾਲੇ ਤੋੜ ਕੇ ਚੋਰ ਸੋਨੇ ਦੀ ਚੇਨ, ਦੋ ਸੈਟ ਸੋਨੇ ਦੀਆਂ ਵਾਲੀਆਂ, ਤਿੰਨ ਸੈਟ ਚਾਂਦੀ ਦੀਆਂ ਝਾਂਜਰਾਂ, ਦੋ ਮੋਬਾਈਲ ਫੋਨ ਅਤੇ ਹੋਰ ਸਾਮਾਨ ਲੈ ਗਏ। ਮਨਜਿੰਦਰ ਸਿੰਘ ਨੇ ਦੱਸਿਆ ਕਿ ਚੋਰਾਂ ਨੇ ਘਰ ਦੇ ਮੇਨ ਗੇਟ ਦੇ ਤਾਲੇ ਨਹੀਂ ਤੋੜੇ ਅਤੇ ਗੇਟ ਟੱਪ ਕੇ ਘਰ ਵਿੱਚ ਦਾਖਲ ਹੋਏ। ਇਥੋਂ ਤੱਕ ਕਿ ਮੰਦਰ ਵਿੱਚ ਧਾਰਮਿਕ ਗ੍ਰੰਥ ਵਿੱਚ ਰੱਖੇ ਪੈਸੇ ਵੀ ਚੋਰ ਲੈ ਗਏ ਅਤੇ ਕਰੀਬ ਡੇਢ ਲੱਖ ਰੁਪਏ ਦਾ ਨੁਕਸਾਨ ਕਰ ਗਏ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates

ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ


ਕਰਤਾਰ ਫਰਨੀਚਰ
- ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20 Etobicoke ON, M9V 3Y6

We Provide services:
- Corporation Registration
- Corporation Tax Returns
- Personal Tax Retrurns
- Accounting • Book - Keeping
- H.S.T • WSIB • T4 • E-File
- Assistance in Audit with CRA
CPA CHARTERED PROFESSIONAL ACCOUNTANTS
Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com

7956 Torbram Rd, Unit #209, Brampton, ON L6T 5A2 Fax: 905-291-0741

Steinmetz & Associates
PERSONAL INJURY LAWYERS

Harry Steinmetz
Certified as Specialist by the Law Society of Ontario in Civil Litigation
(with over 27yrs. of experience)

BOBBY SIDHU
partner
(Serving the Community for Over 16 yrs.)
ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ
ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।
ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।
If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca

ਬਰਾੜ ਗਰਾਜ ਡੋਰ

ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers

We Install Garage Door Openers
• ਕਾਲ ਕਰੋ: 416-357-4082 •

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ

Your Travel Safety Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS
905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7



# ਸੰਪਾਦਕੀ

## ਮੀਂਹ ਜਾਵੇ ਹਨ੍ਹੇਰੀ - ਅਧਿਆਪਕ ਹੜਤਾਲ ਜਾਰੀ ਰਹੇਗੀ!

ਅਧਿਤਆਪਕਾਂ ਦੀ ਹੜਤਾਲ ਬਾਰੇ ਗੱਲ ਕਰਨ ਵੇਲੇ ਇਸ ਤੱਥ ਨੂੰ ਮੰਨਣਾ ਪਵੇਗਾ ਕਿ ਸਰਕਾਰਾਂ ਜ਼ਿਆਦਾ ਕਰਕੇ ਲੋਕ-ਮਨ ਨੂੰ ਸਮਝਣ ਵਿੱਚ ਅਸਮਰੱਥ ਹੁੰਦੀਆਂ ਹਨ। ਉਂਟੇਰੀਓ ਸਰਕਾਰ ਉੱਤੇ ਵੀ ਇਹ ਤੱਥ ਉਂਨਾ ਹੀ ਲਾਗੂ ਹੁੰਦਾ ਹੈ ਜਿੰਨਾ ਕਿਸੇ ਹੋਰ ਸਰਕਾਰ ਉੱਤੇ। ਕੀ ਯੂਨੀਅਨਾਂ ਖਾਸ ਕਰਕੇ ਉਂਟੇਰੀਓ ਦੀਆਂ ਅਧਿਆਪਕ ਯੂਨੀਅਨਾਂ ਲੋਕ-ਮਨ ਨੂੰ ਧਿਆਨ ਵਿੱਚ ਰੱਖ ਕੇ ਗੱਲ ਕਰ ਰਹੀਆਂ ਹਨ ਅਤੇ ਕੀ ਸਰਕਾਰ ਬਿਲਕੁਲ ਹੀ ਬੇਦਰਦ ਹੋ ਕੇ ਯੂਨੀਅਨਾਂ ਨੂੰ ਪੈਰਾਂ ਥੱਲੇ ਦਰੜਨ ਜਾ ਰਹੀ ਹੈ, ਇਸ ਬਾਰੇ ਚਰਚਾ ਕਰਨੀ ਬਣਦੀ ਹੈ। ਚਰਚਾ ਉਸ ਵੇਲੇ ਹੋਰ ਵੀ ਜਰੂਰੀ ਹੈ ਜਦੋਂ ਦੋਵੇਂ ਧਿਰਾਂ ਬੱਚਿਆਂ ਦੇ ਭੱਵਿਖ ਨੂੰ ਸੁਰੱਖਿਅਤ ਕਰਨ ਦੇ ਨਾਮ ਉੱਤੇ ਜੰਗ ਲੜ ਰਹੀਆਂ ਹਨ।

ਸੱਤਾ ਉੱਤੇ ਕਾਬਜ਼ ਸਿਆਸਤਦਾਨਾਂ ਵਾਸਤੇ ਆਪਣੀ ਹਉਮੇ ਨੂੰ ਤਿਆਗ ਕੇ ਰਿਆਇਤਾਂ ਕਰਨੀਆਂ ਸੌਖੀਆਂ ਨਹੀਂ ਹੁੰਦੀਆਂ ਪਰ ਪਰਸੋਂ ਡੱਗ ਫੋਰਡ ਸਰਕਾਰ ਨੇ ਉਹ ਕਦਮ ਚੁੱਕਿਆ ਜਿਸ ਦੀ ਛੇਤੀ ਕੀਤਿਆਂ ਉਮੀਦ ਨਹੀਂ ਸੀ। ਸਿੱਖਿਆ ਮੰਤਰੀ ਸਟੀਫਨ ਲੈਸੀ ਨੇ ਐਲਾਨ ਕੀਤਾ ਕਿ ਹਾਈ ਸਕੂਲਾਂ ਵਿੱਚ ਕਲਾਸ ਸਾਈਜ਼ ਨੂੰ 23 ਵਿੱਦਿਆਰਥੀਆਂ ਤੱਕ ਸੀਮਤ ਕਰ ਦਿੱਤਾ ਜਾਵੇਗਾ। ਇਸ 23 ਦੇ ਅੰਕੜੇ ਨੂੰ ਸਮਝਣਾ ਜਰੂਰੀ ਹੈ ਕਿਉਂਕਿ ਸਰਕਾਰ ਨੇ ਪਹਿਲਾਂ ਕਲਾਸ ਸਾਈਜ਼ ਵਧਾ ਕੇ 28 ਵਿੱਦਿਆਰਥੀ ਕਰਨ ਦਾ ਐਲਾਨ ਕੀਤਾ ਸੀ ਜਿੱਥੇ ਤੋਂ ਅਧਿਆਪਕ ਯੂਨੀਅਨਾਂ ਦਾ ਸਰਕਾਰ ਨਾਲ ਇੱਟ ਖੱੜਿਕਾ ਆਰੰਭ ਹੋਇਆ। ਬਾਅਦ ਵਿੱਚ ਸਰਕਾਰ ਨੇ ਵਿੱਦਿਆਰਥੀਆਂ ਦੀ ਗਿਣਤੀ 25 ਕਰਨ ਦਾ ਐਲਾਨ ਕੀਤਾ ਅਤੇ ਪਰਸੋਂ ਸਰਕਾਰ ਕੌੜਾ ਘੁੱਟ ਭਰ ਕੇ 23 ਉੱਤੇ ਆ ਗਈ। ਪਿਛਲੇ ਸਾਲ ਕਲਾਸ ਸਾਈਜ਼ 22 ਸੀ। ਸਰਕਾਰ ਨੇ ਗਰੇਡ 11 ਅਤੇ 12 ਦੇ ਵਿੱਦਿਆਰਥੀਆਂ ਲਈ 4 ਆਨਲਾਈਨ ਕੋਰਸਾਂ ਦੀ ਥਾਂ ਮਾਪਿਆਂ ਲਈ ਸਕੂਲ ਕਾਉਂਸਲਰ ਦੀ ਸਲਾਹ ਨਾਲ ਦੋ ਆਨਲਾਈਨ ਕੋਰਸਾਂ ਲੈਣ ਜਾਂ ਨਾ ਲੈਣ ਦਾ ਹੱਕ ਵੀ ਦੇ ਦਿੱਤਾ। ਇਹਨਾਂ ਮੰਗਾਂ ਨੂੰ ਮੰਨਣ ਲਈ ਸਰਕਾਰ ਨੇ ਆਪਣੀ ਧੌਂਸ ਦੇ ਪੈਰ ਉਸ ਵੇਲੇ ਪਿਛਾਂਹ ਖਿੱਚੇ ਜਦੋਂ ਯੂਨੀਅਨ ਨਾਲ 'ਘੋਖਣ ਵਾਸਤੇ ਗੱਲਬਾਤ' (exploratory talks) ਦਾ ਤੀਜਾ ਦਿਨ ਚੱਲ ਰਿਹਾ ਸੀ। ਵਰਨਣਯੋਗ ਹੈ ਕਿ 16 ਦਸੰਬਰ 2019 ਤੋਂ ਬਾਅਦ ਸਰਕਾਰ ਅਤੇ ਯੂਨੀਅਨਾਂ ਦਰਮਿਆਨ ਇਹ ਪਹਿਲੀ ਗੱਲਬਾਤ ਹੋ ਰਹੀ ਸੀ।

ਹਾਲਾਂਕਿ ਅਜਿਹਾ ਜਾਪਦਾ ਸੀ ਕਿ ਅਧਿਆਪਕ ਯੂਨੀਅਨਾਂ ਹੁਣ ਸਰਕਾਰ ਦੀ ਤਜਵੀਜ਼ ਨੂੰ ਮੰਨ ਲੈਣਗੀਆਂ ਪਰ ਅਜਿਹਾ ਸੰਭਵ ਨਹੀਂ ਹੋਇਆ। ਯੂਨੀਅਨਾਂ ਕੋਲ ਸਰਕਾਰ ਨਿੰਦਣ ਵਾਸਤੇ ਸ਼ਬਦਾਵਲੀ ਦਾ ਜਾਲ ਹੋ ਸਕਦਾ ਹੈ ਪਰ ਸੱਚਾਈ ਇਹ ਹੈ ਕਿ ਤਨਖਾਹਾਂ ਵਿੱਚ 2% ਅਤੇ ਮਿਲਣ ਵਾਲੇ ਲਾਭਾਂ (ਬੈਨੇਫਿਟ) ਵਿੱਚ 6% ਵਾਧਾ ਸਰਕਾਰ ਨਾਲ ਗੱਲਬਾਤ ਟੁੱਟਣ ਦਾ ਵੱਡਾ ਕਾਰਣ ਹੈ। ਦੂਜਾ ਕਾਰਣ ਯੂਨੀਅਨਾਂ ਦਾ ਆਪਣੀ ਹੈਂਕੜ ਨੂੰ ਮੂਹਰੇ ਰੱਖਣ ਦਾ ਹੈ ਕਿ ਸਰਕਾਰ ਗੋਡੇ ਟੇਕ ਕੇ ਉਹਨਾਂ ਦੀਆਂ ਮੰਗਾਂ ਮੰਨੇ। ਮਿਸਾਲ ਵਜੋਂ ਕੱਲ ਉਂਟੇਰੀਓ ਸੈਕੰਡਰੀ ਸਕੂਲ ਟੀਚਰਜ਼ ਫੈਡਰੇਸ਼ਨ ਦੇ ਪ੍ਰਧਾਨ ਹਾਰਵੀ ਬਿਸ਼ੌਫ ਨੇ ਕਿਹਾ ਕਿ ਇਹ ਗੱਲ ਸੱਮਸਿਆਪੂਰਣ ਹੈ ਕਿ ਸਿੱਖਿਆ ਮੰਤਰੀ ਨੇ ਰਿਆਇਤਾਂ ਦਾ ਐਲਾਨ ਨਿਊਜ਼ ਕਾਨਫਰੰਸ ਵਿੱਚ ਕੀਤਾ ਨਾ ਕਿ ਸਾਡੇ ਕੋਲ ਆ ਕੇ ਗੱਲ ਮੰਨੀ। ਕੀ ਇਸ ਜਿੱਦ ਦਾ ਵਿੱਦਿਆ ਦੀ ਗੁਣਵੱਤਾ ਨਾਲ ਕੋਈ ਸਿੱਧਾ ਜਾਂ ਅੱਸਿਧਾ ਤਾਅਲੁੱਕ ਮੰਨਿਆ ਜਾ ਸਕਦਾ ਹੈ। ਕੀ ਯੂਨੀਅਨਾਂ ਨੇ ਆਪਣਾ ਅੰਦੋਲਨ ਵਿੱਦਿਆਰਥੀਆਂ ਦੀ ਭਲਾਈ ਲਈ ਵਿੱਢਿਆ ਹੈ (ਜਿਹਾ ਕਿ ਦਾਅਵਾ ਕੀਤਾ ਜਾ ਰਿਹਾ ਹੈ) ਜਾਂ ਫੇਰ ਸਰਕਾਰ ਨੂੰ ਨੀਵਾਂ ਵਿਖਾਉਣ ਲਈ?

ਕੀ ਯੂਨੀਅਨਾਂ ਉਮੀਦ ਕਰਦੀਆਂ ਹਨ ਕਿ ਉਹਨਾਂ ਨੂੰ ਹੁਣ ਵੀ ਲਿਬਰਲ ਸਰਕਾਰ ਵੇਲੇ ਦੇ ਗੱਫੇ ਮਿਲਣੇ ਜਾਰੀ ਰਹਿਣ? ਕੀ ਉਹ ਨਹੀਂ ਜਾਣਦੇ ਕਿ ਡੱਗ ਫੋਰਡ ਸਰਕਾਰ ਨੂੰ ਉਹਨਾਂ ਲੋਕਾਂ ਨੇ ਵੋਟ ਪਾਏ ਜਿਹੜੇ ਸਰਕਾਰ ਦਾ ਖਰਚਾ ਘੱਟ ਕਰਕੇ ਬੱਜਟ ਬੈਲੇਂਸ ਕਰਨ ਦੇ ਹੱਕ ਵਿੱਚ ਹਨ? ਅਜਿਹੀ ਸਥਿਤੀ ਵਿੱਚ ਹੱਲ ਤਾਂ ਲੈਣ ਦੇਣ ਦੀ ਪ੍ਰਕਿਰਿਆ ਨਾਲ ਹੀ ਨਿਕਲ ਸਕਦਾ ਹੈ। ਇਸ ਵਿਚ ਕੀ ਹਰਜ਼ ਹੈ ਕਿ ਜਦੋਂ ਸਰਕਾਰ ਆਪਣੀ ਹੈਂਕੜ ਦੀ ਗਰਮੀ ਨੂੰ ਤਿਆਗਦੀ ਹੈ ਤਾਂ ਯੂਨੀਅਨਾਂ ਵੀ ਆਪਣੇ ਮਿਜ਼ਾਜ ਨੂੰ ਥੋੜਾ ਠੰਡਾ ਕਰ ਲੈਣ। ਅਜਿਹੀਆਂ ਲੜਾਈਆਂ ਵਿੱਚ ਇੱਕ ਧਿਰ 100% ਸਹੀ ਅਤੇ ਦੂਜੀ 100% ਗਲਤ ਨਹੀਂ ਹੁੰਦੀ ਬੱਸ ਆਪੋ ਆਪਣੇ ਸਟੈਂਡ ਨੂੰ ਨਰਮ ਕਰਨ ਦੀ ਗੱਲ ਹੁੰਦੀ ਹੈ। ਇਹ ਜਾਨਣਾ ਦਿਲਚਸਪ ਹੋਵੇਗਾ ਕਿ ਉਂਟੇਰੀਓ ਵਿੱਚ ਐਲੀਮੈਂਟਰੀ ਅਧਿਆਪਕਾਂ ਦੀ ਲਾਭਾਂ ਸਮੇਤ ਸਾਲਾਨਾ ਤਨਖਾਹ 98 ਹਜ਼ਾਰ 588 ਡਾਲਰ ਹੈ ਜਦੋਂ ਕਿ ਹਾਈ ਸਕੂਲ ਅਧਿਆਪਕਾਂ ਲਾਭਾਂ ਸਮੇਤ ਇੱਕ ਸਾਲ ਵਿੱਚ 1 ਲੱਖ 2 ਹਜ਼ਾਰ 613 ਡਾਲਰ ਘਰ ਲੈ ਕੇ ਜਾਂਦੇ ਹਨ। ਰਹੀ ਗੱਲ ਵਿੱਦਿਆਰਥੀਆਂ ਦੀ, ਉਹ ਤਾਂ ਅਧਿਆਪਕ 2% ਤਨਖਾਹ ਅਤੇ 6% ਲਾਭਾਂ ਦੀ ਮੰਗ ਪੂਰੀ ਕਰਵਾ ਕੇ ਚੰਗਾ ਕੰਮ ਤਾਂ ਕਰਨਗੇ ਹੀ ਜਦੋਂ ਤੱਕ ਅਗਲੀ ਹੜਤਾਲ ਕਰਨ ਦਾ ਵਕਤ ਨਹੀਂ ਆਉਂਦਾ।

## ਇੱਕ ਵਾਰੀ ਫਿਰ ਹਾਈ ਸਕੂਲ ਟੀਚਰਜ਼ ਯੂਨੀਅਨ ਤੇ ਸਰਕਾਰ ਦਰਮਿਆਨ ਟੁੱਟੀ ਗੱਲਬਾਤ

...ਪੰਨਾ 1 ਦਾ ਬਾਕੀ

ਜ਼ਿਕਰਯੋਗ ਹੈ ਕਿ ਦੋਵਾਂ ਧਿਰਾਂ ਦਰਮਿਆਨ 16 ਦਸੰਬਰ ਤੋਂ ਬਾਅਦ ਰਸਮੀ ਤੌਰ ਉੱਤੇ ਕੋਈ ਗੱਲਬਾਤ ਨਹੀਂ ਹੋਈ।

ਸਿੱਖਿਆ ਮੰਤਰੀ ਸਟੀਫਨ ਲਿਚੇ ਵੱਲੋਂ ਓਐਸਐਸਟੀਐਫ ਦੇ ਦੋ ਮੁੱਖ ਮੁੱਦਿਆਂ ਨੂੰ ਲੱਗਭਗ ਪੂਰਾ ਮੰਨ ਲੈਣ ਦਾ ਐਲਾਨ ਕਰਨ ਤੋਂ ਬਾਅਦ ਮੀਟਿੰਗਾਂ ਮੰਗਲਵਾਰ ਦੇਰ ਰਾਤ ਖਤਮ ਹੋ ਗਈਆਂ। ਜ਼ਿਕਰਯੋਗ ਹੈ ਕਿ ਮੰਗਲਵਾਰ ਨੂੰ ਸਿੱਖਿਆ ਮੰਤਰੀ ਲਿਚੇ ਨੇ ਦੋਵਾਂ ਫਰੰਟਜ਼ ਉੱਤੇ ਆਪਣਾ ਰੁਖ ਨਰਮ ਕਰਦਿਆਂ ਇਨ੍ਹਾਂ ਨੂੰ ਵਾਪਿਸ ਲੈਣ ਦਾ ਸੰਕੇਤ ਦਿੱਤਾ। ਫੋਰਡ ਸਕਰਾਰ ਵਲੋਂ ਓਨਟਾਰੀਓ ਹਾਈ ਸਕੂਲ ਕਲਾਸਾਂ ਦੇ ਆਕਾਰ ਵਿੱਚ ਸਿਰਫ ਇੱਕ ਵਿਦਿਆਰਥੀ ਭਾਵ ਕਲਾਸ ਵਿੱਚ ਵਿਦਿਆਰਥੀਆਂ ਦੀ ਗਿਣਤੀ 23 ਕਰਨ ਦੀ ਪੇਸ਼ਕਸ਼ ਕੀਤੀ ਗਈ ਜੋ ਕਿ ਪਹਿਲਾਂ ਇੱਕ ਕਲਾਸ ਵਿੱਚ 28 ਵਿਦਿਆਰਥੀਆਂ ਦੇ ਮੁਕਾਬਲੇ ਬਹੁਤ ਘੱਟ ਹੈ। ਲਿਚੇ ਨੇ ਇਹ ਸੰਕੇਤ ਦਿੱਤਾ ਸੀ ਕਿ ਉਹ ਕਈ ਦਿਨਾਂ ਤੋਂ ਚੱਲ ਰਹੀ ਇਸ ਖੜੋਤ ਨੂੰ ਖਤਮ ਕਰਨਾ ਚਾਹੁੰਦੇ ਹਨ ਤੇ ਹੁਣ ਫੈਸਲਾ ਅਧਿਆਪਕਾਂ ਨੇ ਲੈਣਾ ਹੈ। ਅਸੀਂ ਵਿਦਿਆਰਥੀਆਂ ਦੇ ਹਿਤਾਂ ਨੂੰ ਵੇਖਦਿਆਂ ਹੋਇਆ ਕਾਫੀ ਅਹਿਮ ਕਦਮ ਚੁੱਕ ਰਹੇ ਹਾਂ।

ਇੱਕ ਵਾਰੀ ਫਿਰ ਗੱਲਬਾਤ ਕਿਸੇ ਤਣ ਪੱਤਣ ਨਾ ਲੱਗਣ ਤੋਂ ਬਾਅਦ ਲਿਚੇ ਨੇ ਆਖਿਆ ਕਿ ਉਨ੍ਹਾਂ ਵੱਲੋਂ ਜਿਹੜੇ ਤਾਜ਼ਾ ਪ੍ਰਸਤਾਵ ਦਿੱਤੇ ਗਏ ਸਨ ਉਹ ਇਸੇ ਲਈ ਸਨ ਤਾਂ ਕਿ ਕਿਸੇ ਡੀਲ ਉੱਤੇ ਪਹੁੰਚਿਆ ਜਾ ਸਕੇ। ਅਜਿਹੀ ਡੀਲ ਜਿਹੜੀ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਤੇ ਅਧਿਆਪਕਾਂ ਦੇ ਨਾਲ ਨਾਲ ਐਜੂਕੇਸ਼ਨ ਵਰਕਰਜ਼ ਲਈ ਵੀ ਫਾਇਦੇਮੰਦ ਹੋਵੇ। ਪਰ ਇੱਕ ਵਾਰੀ ਮੁੜ ਹੋਈ ਗੱਲਬਾਤ ਤੋਂ ਇਹੋ ਲੱਗਦਾ ਹੈ ਕਿ ਦੂਜੀ ਧਿਰ ਕਿਸੇ ਡੀਲ ਉੱਤੇ ਪਹੁੰਚਣਾ ਹੀ ਨਹੀਂ ਚਾਹੁੰਦੀ।

ਇਸ ਮਗਰੋਂ ਯੂਨੀਅਨ ਦੇ ਪ੍ਰੈਜ਼ੀਡੈਂਟ ਹਾਰਵੀ ਬਿਸ਼ੌਫ ਨੇ ਆਖਿਆ ਕਿ ਇਹ ਮਾੜੀ ਗੱਲ ਹੈ ਕਿ ਮੰਤਰੀ ਨੇ ਸਿੱਧਾ ਓਐਸਐਸਟੀਐਫ ਦੇ ਸਾਹਮਣੇ ਗੱਲ ਕਰਨ ਦੀ ਥਾਂ ਆਪਣਾ ਐਲਾਨ ਨਿਊਜ਼ ਕਾਨਫਰੰਸ ਵਿੱਚ ਕੀਤਾ। ਉਨ੍ਹਾਂ ਆਖਿਆ ਕਿ ਅਸੀਂ ਡੀਲ ਦੇ ਕਾਫੀ ਨੇੜੇ ਸੀ ਪਰ ਉਨ੍ਹਾਂ ਵੱਲੋਂ ਕਈ ਪੱਖ ਸਪਸ਼ਟ ਨਹੀਂ ਕੀਤੇ ਗਏ ਜਿਸ ਕਾਰਨ ਇਹ ਡੀਲ ਨਹੀਂ ਹੋ ਸਕੀ। ਪਰ ਲਿਚੇ ਦੇ ਐਲਾਨ ਤੋਂ ਬਾਅਦ ਓਨਟਾਰੀਓ ਇੰਗਲਿਸ਼ ਕੈਥੋਲਿਕ ਟੀਚਰਜ਼ ਐਸੋਸਿਏਸ਼ਨ ਨੂੰ ਆਸ ਜ਼ਰੂਰ ਬੱਝੀ ਹੈ।

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal
Co-Host
Iqbal Mahal
Producer & Host
Serving the South Asian Community Since 1976

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਲੇਡੀਜ਼ ਇੰਸਟ੍ਰਕਟਰ
] ਮੁਫਤ ਪਿਕਅਪ ਅਤੇਂ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
647-998-7500 ਬਲਵਿੰਦਰ

Aikam MEDIA GROUP
Radio Punjab
Monday to Friday
2:00PM to 3:00PM on 89.5 FM
Aikam TV
Every Saturday on Vision TV
Canada Wide
10:00PM to 11:00PM EST
7:00PM to 8:00PM PST
Aikam Arts Academy
Learn Indian Classical Music
Instruments
Folk Dances
Amarjit S Rai
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com

## ਜੰਮੂ-ਕਸ਼ਮੀਰ ਵਿੱਚ ਸੱਤ ਮਹੀਨਿਆਂ ਪਿੱਛੋਂ ਮੋਬਾਈਲ ਉੱਤੇ ਸੋਸ਼ਲ ਮੀਡੀਆ ਦੀ ਪਾਬੰਦੀ ਹਟੀ




ਸ੍ਰੀਨਗਰ, 4 ਮਾਰਚ, (ਪੋਸਟ ਬਿਊਰੋ)- ਜੰਮੂ ਕਸ਼ਮੀਰ ਵਿਚ 2ਜੀ ਮੋਬਾਈਲ ਇੰਟਰਨੈੱਟ ਸੇਵਾ ਉੱਤੇ ਸੋਸ਼ਲ ਮੀਡੀਆ ਦੀ ਵਰਤੋਂ ਦੀ ਪਾਬੰਦੀ ਅੱਜ ਹਟਾ ਦਿੱਤੀ ਗਈ ਹੈ। ਇਸ ਰਾਜ ਦੇ ਲੋਕ ਲਗਪਗ ਸੱਤ ਮਹੀਨਿਆਂ ਦੇ ਬਾਅਦ ਮੋਬਾਈਲ ਉੱਤੇ ਸੋਸ਼ਲ ਮੀਡੀਆ ਦੀ ਵਰਤੋਂ ਕਰ ਸਕਣਗੇ। ਇੰਟਰਨੈੱਟ ਸੇਵਾ ਸਿਰਫ ਪੋਸਟਪੇਡ ਮੋਬਾਈਲ ਸਿਮ ਉੱਤੇ ਬਹਾਲ ਰਹੇਗੀ। ਪ੍ਰੀਪੇਡ ਸਿਮ ਉੱਤੇ ਇੰਟਰਨੈੱਟ ਸੇਵਾ ਪੂਰੀ ਜਾਂਚ ਤੋਂ ਬਾਅਦ ਮਿਲੇਗੀ। ਜਨਤਕ ਬ੍ਰਾਡਬੈਂਡ ਇੰਟਰਨੈੱਟ ਸੇਵਾ ਅਤੇ 3ਜੀ ਅਤੇ 4ਜੀ ਮੋਬਾਈਲ ਸੇਵਾ ਉੱਤੇ ਪਾਬੰਦੀ ਅਜੇ ਵੀ 17 ਮਾਰਚ ਤਕ ਲਾਗੂ ਰਹੇਗੀ।

ਗ੍ਰਹਿ ਵਿਭਾਗ ਦੇ ਪ੍ਰਿੰਸੀਪਲ ਸੈਕਟਰੀ ਸ਼ਾਲੀਨ ਕਾਬਰਾ ਵੱਲੋਂ ਜਾਰੀ ਕੀਤੇ ਗਏ ਨੋਟੀਫੀਕੇਸ਼ਨ ਵਿੱਚ ਕਿਹਾ ਗਿਆ ਹੈ ਕਿ ਪੋਸਟਪੇਡ ਮੋਬਾਈਲ ਸਿਮ ਉੱਤੇ ਇੰਟਰਨੈੱਟ ਸੇਵਾ ਬਹਾਲ ਹੋਵੇਗੀ। ਪ੍ਰੀਪੇਡ ਮੋਬਾਈਲ ਸਿਮ ਤੋਂ ਇਹ ਸੇਵਾ ਨਹੀਂ ਮਿਲੇਗੀ। ਇਸ ਦੀ ਜਾਂਚ ਪ੍ਰਕਿਰਿਆ ਪੂਰੀ ਕਰਨੀ ਪਵੇਗੀ। ਇੰਟਰਨੈੱਟ ਦੀ ਰਫਤਾਰ ਸਿਰਫ 2ਜੀ ਤਕ ਸੀਮਤ ਹੋਵੇਗੀ। ਬ੍ਰਾਡਬੈਂਡ ਇੰਟਰਨੈੱਟ ਬਾਰੇ ਉਨ੍ਹਾਂ ਕਿਹਾ ਕਿ ਫਿਕਸਡ ਲਾਈਨ ਇੰਟਰਨੈੱਟ ਸੇਵ ਮੈਕ ਬਾਈਡਿੰਗ ਦੇ ਨਾਲ ਪਹਿਲਾਂ ਵਾਂਗ ਚੱਲੇਗੀ। ਸਰਕਾਰ ਵੱਲੋਂ ਵਿਦਿਆਰਥੀਆਂ, ਠੇਕੇਦਾਰਾਂ, ਸਰਕਾਰੀ ਮੁਲਾਜ਼ਮਾਂ, ਅਫਸਰਾਂ, ਟੂਰ ਆਪ੍ਰੇਟਰਾਂ ਤੇ ਹੋਰ ਲੋਕਾਂ ਦੀ ਸਹੂਲਤ ਲਈ ਦਿੱਤੀ ਇੰਟਰਨੈੱਟ ਸੇਵਾ ਅਤੇ ਇੰਟਰਨੈੱਟ ਕੈਫੇ ਬਹਾਲ ਰਹਿਣਗੇ। ਨੋਟੀਫੀਕੇਸ਼ਨ ਵਿੱਚ ਸੋਸ਼ਲ ਮੀਡੀਆ ਉੱਤੇ ਪਾਬੰਦੀ ਦਾ ਕੋਈ ਜ਼ਿਕਰ ਨਹੀਂ ਹੈ। ਜੰਮੂ-ਕਸ਼ਮੀਰ ਵਿਚ ਲੈਂਡਲਾਈਨ ਫੋਨ ਸੇਵਾ ਸਤੰਬਰ ਵਿਚ ਅਤੇ ਉਸ ਪਿੱਛੋਂ ਪੋਸਟਪੇਡ ਤੇ ਪ੍ਰੀਪੇਡ ਮੋਬਾਈਲ ਸੇਵਾ ਲੜੀਵਾਰ ਤਰੀਕੇ ਨਾਲ ਬਹਾਲ ਕੀਤਾ ਗਿਆ ਸੀ। ਕਸ਼ਮੀਰ ਵਾਦੀ ਵਿਚ ਸਰਕਾਰੀ ਨਿਗਰਾਨੀ ਵਿਚ ਕੁਝ ਸੰਸਥਾਵਾਂ ਨੂੰ ਬ੍ਰਾਡਬੈਂਡ ਇੰਟਰਨੈੱਟ ਸੇਵਾ ਮਿਲੀ ਹੈ। ਪੂਰੇ ਰਾਜ ਦੀ ਮੋਬਾਈਲ ਇੰਟਰਨੈੱਟ ਸੇਵਾ 10 ਜਨਵਰੀ ਨੂੰ ਬਹਾਲ ਹੋਈ ਸੀ, ਪਰ ਸੋਸ਼ਲ ਮੀਡੀਆ ਉੱਤੇ ਪੂਰੀ ਤਰ੍ਹਾਂ ਪਾਬੰਦੀ ਲਾਗੂ ਰੱਖੀ ਗਈ ਸੀ।

## ਕੈਨੇਡਾ ਤੇ ਚੀਨ ਦੇ ਤਣਾਅਪੂਰਨ ਸਬੰਧਾਂ ਨੂੰ ਸੁਧਾਰਨ ਲਈ ਕੋਵਿਡ-19 ਲਈ ਦਿੱਤਾ ਸਹਿਯੋਗ ਕਾਫੀ ਨਹੀਂ : ਕੌਂਗ

...ਪੰਨਾ 1 ਦਾ ਬਾਕੀ

ਅਮਰੀਕਾ ਵੱਲੋਂ ਮੈਂਗ ਵਾਨਜ਼ੋਊ ਦੀ ਹਵਾਲਗੀ ਦੇ ਸਬੰਧ ਵਿੱਚ ਕੈਨੇਡਾ ਨੇ ਇਹ ਗ੍ਰਿਫਤਾਰੀ ਕੀਤੀ ਸੀ ਪਰ ਉਦੋਂ ਤੋਂ ਲੈ ਕੇ ਹੁਣ ਤੱਕ ਕੈਨੇਡਾ ਤੇ ਚੀਨ ਦੇ ਸਬੰਧ ਤਣਾਅਪੂਰਨ ਚੱਲ ਰਹੇ ਹਨ। ਇਸ ਤੋਂ ਕੁੱਝ ਸਮੇਂ ਬਾਅਦ ਹੀ ਚੀਨ ਵੱਲੋਂ ਦੋ ਕੈਨੇਡੀਅਨਾਂ ਮਾਈਕਲ ਸਪੇਵਰ ਤੇ ਮਾਈਕਲ ਕੋਵਰਿਗ ਨੂੰ ਗ੍ਰਿਫਤਾਰ ਕਰ ਲਿਆ ਗਿਆ। ਕੈਨੇਡਾ ਇਸ ਨੂੰ ਬਦਲਾਲਊ ਕਾਰਵਾਈ ਦੱਸ ਰਿਹਾ ਸੀ ਜਦਕਿ ਚੀਨ ਅਜਿਹਾ ਨਹੀਂ ਮੰਨਦਾ। ਚੀਨ ਵੱਲੋਂ ਕੈਨੇਡੀਅਨ ਬੀਫ ਤੇ ਪੋਰਕ ਦੇ ਇੰਪੋਰਟ ਉੱਤੇ ਵੀ ਪਾਬੰਦੀ ਲਾਈ ਜਾ ਚੁੱਕੀ ਹੈ। ਇੰਜ ਲੱਗ ਰਿਹਾ ਸੀ ਕਿ ਕੋਰੋਨਾਵਾਇਰਸ ਆਊਟਬ੍ਰੇਕ ਤੋਂ ਬਾਅਦ ਦੋਵਾਂ ਮੁਲਕਾਂ ਦਰਮਿਆਨ ਚੱਲ ਰਿਹਾ ਤਣਾਅ ਖਤਮ ਹੋ ਗਿਆ ਹੋਵੇਗਾ। ਪਰ ਚੀਨੀ ਅੰਬੈਸਡਰ ਨੇ ਬੁੱਧਵਾਰ ਨੂੰ ਇਹ ਸੰਕੇਤ ਦਿੱਤਾ ਹੈ ਕਿ ਹੈਲਥ ਨਾਲ ਸਬੰਧਤ ਮੁੱਦੇ ਦੋਵਾਂ ਦੇਸ਼ਾਂ ਦੇ ਆਪਸੀ ਸਬੰਧਾਂ ਨਾਲੋਂ ਵੱਖਰੇ ਹਨ।

## ਕੋਰੋਨਾ ਵਾਇਰਸ ਦਾ ਕਹਿਰ: ਭਾਰਤ ਵਿੱਚ 29 ਕੇਸਾਂ ਦੀ ਪੁਸ਼ਟੀ, ਸਰਕਾਰ ਨੇ ਹੰਗਾਮੀ ਮੀਟਿੰਗ ਸੱਦੀ

...ਪੰਨਾ 1 ਦਾ ਬਾਕੀ

ਦਿੱਲੀ ਦੇ ਸਿਹਤ ਮੰਤਰੀ ਸਤੇਂਦਰ ਜੈਨ ਨੇ ਅੱਜ ਮੰਗਲਵਾਰ ਕਿਹਾ, 'ਸਰਕਾਰ ਇਸ ਸ਼ਹਿਰ ਨੂੰ ਸਵੱਛ ਕਰਨ ਲਈ ਸਾਰੇ ਢੁਕਵੇਂ ਕਦਮ ਚੁੱਕ ਰਹੀ ਹੈ ਅਤੇ ਬਿਮਾਰੀ ਦੇ ਟਾਕਰੇ ਲਈ 25 ਸਰਕਾਰੀ ਹਸਪਤਾਲਾਂ ਵਿੱਚ ਵੱਖ-ਵੱਖ ਵਾਰਡ ਬਣਾਏ ਗਏ ਹਨ, ਜਿਨ੍ਹਾਂ ਵਿੱਚੋਂ 19 ਸਰਕਾਰੀ ਅਤੇ ਛੇ ਨਿੱਜੀ ਹਸਪਤਾਲ ਹਨ।'

ਇਸ ਦੌਰਾਨ ਇਟਲੀ ਤੋਂ ਰਾਜਸਥਾਨ ਦੀ ਰਾਜਧਾਨੀ ਜੈਪੁਰ ਆਏ 21 ਲੋਕਾਂ ਵਿੱਚੋਂ 15 ਕੋਰੋਨਾ ਦੀ ਇਨਫੈਕਸ਼ਨ ਵਾਲੇ ਨਿਕਲੇ ਹਨ। ਏਥੇ ਇਨ੍ਹਾਂ ਕੋਰੋਨਾ ਪਾਜ਼ਿਟਿਵ ਲੋਕਾਂ ਦੇ ਸੰਪਰਕ ਵਿੱਚ 215 ਹੋਰ ਲੋਕ ਆਏ ਸਨ। ਅੱਜ ਰਾਜਸਥਾਨ ਦੀ ਵਿਧਾਨ ਸਭਾ ਨੂੰ ਰਾਜ ਦੇ ਸਿਹਤ ਮੰਤਰੀ ਰਘੂ ਸ਼ਰਮਾ ਨੇ ਦੱਸਿਆ ਕਿ ਕੋਰੋਨਾ ਦੇ ਨਾਲ ਪਾਜ਼ਿਟਿਵ ਇਟਲੀ ਦਾ ਇਕ ਵਿਅਕਤੀ ਐੱਸ ਐੱਮ ਐੱਸ ਆਈਸ਼ੋਲੇਸ਼ਨ ਵਾਰਡ ਵਿੱਚ ਭਰਤੀ ਕੀਤਾ ਹੈ। ਉਸ ਦੀ ਪਤਨੀ ਦੀ ਰਿਪੋਰਟ ਵੀ ਪਾਜ਼ਿਟਿਵ ਆਉਣ ਪਿੱਛੋਂ ਉਸ ਦਾ ਬਲੱਡ ਸੈਂਪਲ ਪੁਣੇ ਦੀ ਲੈਬ ਨੂੰ ਭੇਜਿਆ ਗਿਆ ਹੈ। ਭਾਰਤ ਸਰਕਾਰ ਨੇ ਰਾਜਸਥਾਨ ਵਿੱਚ ਘੁੰਮਣ ਆਏ ਇਟਲੀ ਦੇ 21 ਟੂਰਿਸਟਾਂ ਵਿੱਚੋਂ 15 ਦਾ ਕੋਰੋਨਾ ਪਾਜ਼ਿਟਿਵ ਹੋਣਾ ਮੰਨਿਆ ਹੈ। ਰਾਜਸਥਾਨ ਦੇ ਸਿਹਤ ਮੰਤਰੀ ਰਘੂ ਸ਼ਰਮਾ ਨੇ ਦੱਸਿਆ ਕਿ ਇਟਲੀ ਤੋਂ ਆਏ ਲੋਕਾਂ ਨਾਲ ਸੰਪਰਕ ਵਿੱਚ ਆਏ ਲੋਕਾਂ ਦੀ ਵੀ ਜਾਂਚ ਚੱਲ ਰਹੀ ਹੈ। ਜੈਸਲਮੇਰ, ਬੀਕਾਨੇਰ, ਮੰਡਾਵਾ ਅਤੇ ਜੈਪੁਰ ਦੇ ਹੋਟਲਾਂ ਦੇ 193 ਕਰਮਚਾਰੀਆਂ ਦੀ ਜਾਂਚ ਦੇ ਕਰਨ ਲਈ ਖੂਨ ਦੇ ਸੈਂਪਲ ਲਏ ਗਏ ਹਨ। ਇਟਲੀ ਦੇ 26 ਲੋਕਾਂ ਦਾ ਗਰੁੱਪ ਦਿੱਲੀ ਤੋਂ 22 ਫਰਵਰੀ ਨੂੰ ਰੰਗਮਹਿਲ ਜੈਸਲਮੇਰ, 25 ਫਰਵਰੀ ਨੂੰ ਜੋਧਪੁਰ, 26 ਨੂੰ ਉਦੈਪੁਰ ਟਰਾਈਡੈਂਟ ਵਿੱਚ ਰੁਕਿਆ ਸੀ। ਇਸ ਗਰੁੱਪ ਦੇ ਲੋਕ ਜਦੋਂ ਜੈਪੁਰ ਦੇ ਰਮਾਡਾ ਹੋਟਲ ਵਿੱਚ ਠਹਿਰੇ ਹੋਏ ਸਨ ਤਾਂ ਸਿਹਤ ਖ਼ਰਾਬ ਹੋਣ ਉਤੇ ਇਟਲੀ ਦੇ ਇੱਕ ਟੂਰਿਸਟ ਨੂੰ ਫੋਰਟਿਸ ਹਸਪਤਾਲ ਭਰਤੀ ਕਰਵਾਇਆ ਗਿਆ, ਜਿਥੋਂ ਉਸ ਨੂੰ ਐੱਸ ਐੱਮ ਐੱਸ ਰੈਫਰ ਕਰ ਦਿੱਤਾ ਗਿਆ ਸੀ।

ਦਿੱਲੀ ਰਾਜਧਾਨੀ ਖੇਤਰ ਦੇ 5 ਸਕੂਲ ਸਾਵਧਾਨੀ ਵਜੋਂ ਅੱਜ ਮੰਗਲਵਾਰ ਤੋਂ ਬੰਦ ਕਰ ਦਿੱਤੇ ਹਨ। ਦਿੱਲੀ ਸਰਕਾਰ 3.5 ਲੱਖ ਐਨ-95 ਮਾਸਕ ਦਾ ਖੜੇ ਪੈਰ ਪ੍ਰਬੰਧ ਕਰ ਰਹੀ ਹੈ। ਅੱਜ ਮੰਗਲਵਾਰ ਨੋਇਡਾ ਦੇ ਸ਼੍ਰੀਰਾਮ ਮਿਲੇਨੀਅਮ ਸਕੂਲ ਦੇ ਦੋ ਵਿਦਿਆਰਥੀਆਂ ਨੂੰ ਇਨਫੈਕਸ਼ਨ ਦੀ ਪੁਸ਼ਟੀ ਹੋਣ ਮਗਰੋਂ ਗੌਤਮ ਬੁੱਧ ਨਗਰ ਜ਼ਿਲੇ ਦੇ ਚੀਫ ਮੈਡੀਕਲ ਅਫਸਰ ਡਾ: ਅਨੁਰਾਗ ਭਾਰਗਵ ਦੀ ਸਲਾਹ ਉੱਤੇ ਸ਼ੁੱਕਰਵਾਰ ਤੱਕ ਲਈ ਸਕੂਲ ਬੰਦ ਕੀਤਾ ਗਿਆ ਹੈ। ਇਨਫੈਕਸ਼ਨ ਵਾਲੇ ਦੋਵੇਂ ਵਿਦਿਆਰਥੀ ਦਿੱਲੀ ਦੇ ਸਨ। ਵਸੰਤ ਵਿਹਾਰ ਵਿੱਚ ਸ੍ਰੀਰਾਮ ਮਿਲੇਨੀਅਮ ਸਕੂਲ ਨੂੰ ਵੀਰਵਾਰ ਤੋਂ ਬੰਦ ਕਰਨ ਦਾ ਹੁਕਮ ਦਿੱਤਾ ਗਿਆ ਹੈ। ਦਿੱਲੀ ਨਾਲ ਲੱਗਦੇ ਗੁੜਗਾਉਂ (ਨਵਾਂ ਨਾਂਅ ਗੁਰੂਗ੍ਰਾਮ) ਵਿੱਚ ਅਰਾਵਲੀ ਅਤੇ ਮਾਲਸਾਰੀ ਵਿੱਚ ਵੀ ਇਸ ਸਕੂਲ ਦਾ ਕੈਂਪਸ 9 ਮਾਰਚ ਤੋਂ ਬੰਦ ਕਰ ਦਿੱਤਾ ਗਿਆ ਹੈ। ਸਕੂਲ ਪ੍ਰਬੰਧਕਾਂ ਨੇ ਦੱਸਿਆ ਕਿ ਇਸ ਵਾਰ ਗਰਮੀਆਂ ਦੀਆਂ ਛੁੱਟੀਆਂ ਅਗੇਤੀਆਂ ਦੇ ਦਿੱਤੀਆਂ ਹਨ। ਇਸ ਦੌਰਾਨ ਸਕੂਲ ਨੂੰ ਸਵੱਛ ਬਣਾਇਆ ਜਾਵੇਗਾ।

## ਸ਼ੋਭਾ ਸਿੰਘ ਦੀ ਬੇਟੀ ਨਾਲ ਦਾਖਾ ਅਤੇ ਬਾਵਾ ਨੇ ਕੀਤੀ ਮੁਲਾਕਾਤ



ਲੁਧਿਆਣਾ, 4 ਮਾਰਚ (ਗਿਆਨ ਸਿੰਘ): ਮਾਲਵਾ ਸੱਭਿਆਚਾਰਕ ਮੰਚ ਪੰਜਾਬ ਦੇ ਸਰਪ੍ਰਸਤ ਮਲਕੀਤ ਸਿੰਘ ਦਾਖਾ ਅਤੇ ਚੇਅਰਮੈਨ ਕ੍ਰਿਸ਼ਨ ਕੁਮਾਰ ਬਾਵਾ ਦੀ ਅਗਵਾਈ ਵਿੱਚ ਅੱਜ ਮੰਚ ਦੇ ਵਫਦ ਨੇ ਪਾਲਮਪੁਰ ਦੇ ਪਿੰਡ ਅਧਰੇਟਾ ਦੇ ਮਹਾਨ ਚਿੱਤਰਕਾਰ ਸ਼ੋਭਾ ਸਿੰਘ ਦੀ ਬੇਟੀ ਗੁਰਚਨ ਕੌਰ ਦੇ ਨਾਲ ਮੁਲਾਕਾਤ ਕੀਤੀ । ਦਾਖਾ ਅਤੇ ਬਾਵਾ ਨੇ ਦੱਸਿਆ ਕਿ ਸ਼ੋਭਾ ਸਿੰਘ ਆਰਟ ਗੈਲਰੀ ਵਿਚ ਫਿਲਮੀ ਜਗਤ ਦੇ ਮਹਾਨ ਅਦਾਕਾਰ ਪ੍ਰਿਥਵੀ ਰਾਜ ਕਪੂਰ ਸਮੇਤ ਵਿਸ਼ਵ ਭਰ ਦੀ ਸਖਸ਼ੀਅਤਾਂ ਦੇ ਦਿਲ ਨੂੰ ਛੂ ਲੈਣ ਵਾਲੇ ਚਿੱਤਰ ਨੂੰ ਦੇਖ ਕੇ ਇਸ ਤਰ੍ਹਾਂ ਮਹਿਸੂਸ ਹੋਣ ਲੱਗਾ ਕਿ ਇਹ ਸਾਰੇ ਚਿੱਤਰ ਸਾਡੇ ਨਾਲ ਗੱਲ ਕਰਦੇ ਹੋਣ । ਦਾਖਾ ਅਤੇ ਬਾਵਾ ਨੇ ਕਿਹਾ ਕਿ ਸ਼ੋਭਾ ਸਿੰਘ ਭਾਰਤ ਦੇ ਮਹਾਨ ਚਿੱਤਰਕਾਰ ਹੋਏ, ਜਿਹਨਾਂ ਦੀ ਚਿੱਤਕਕਾਰੀ ਵਿੱਚ ਪੇਸ਼ਕਾਰੀਆਂ ਨੂੰ ਦੇਖ ਕੇ ਸਿਰ ਸਤਿਕਾਰ ਨਾਲ ਝੁੱਕ ਜਾਂਦਾ ਹੈ। ਉਹਨਾਂ ਨੇ ਕਿਹਾ ਕਿ ਚਿੱਤਰ ਵਿੱਚ ਇਸ ਹੱਦ ਤੱਕ ਕਸ਼ਿਸ਼ ਹੁੰਦੀ ਹੈ ਕਿ ਤੁਹਾਨੂੰ ਕੁੱਝ ਲਿਖਣ ਜਾਂ ਫਿਰ ਬੋਲਣ ਦੀ ਲੋੜ ਹੀ ਨਾ ਰਹੇ। ਚਿੱਤਰ ਖੁਦ ਹੀ ਸੱਭ ਕੁੱਝ ਬਿਆਨ ਕਰ ਦਿੰਦਾ ਹੈ। ਇਸ ਮੌਕੇ ਤੇ ਦਾਖਾ ਅਤੇ ਬਾਵਾ ਤੋਂ ਇਲਾਵਾ ਗੁਲਜਿੰਦਰ ਸਿੰਘ ਗਿੱਲ, ਜੀਤਾ ਲੋਹਾਰਾ, ਸੁਸ਼ੀਲ ਕੁਮਾਰ ਸ਼ੀਲਾ ਆਦਿ ਵੀ ਹਾਜ਼ਰ ਸਨ ।

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
BEST CANADIAN TRUCK & FORKLIFT TRAINING CENTRE
ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ ਦਿਤੀ ਜਾਂਦੀ ਹੈ
Open Seven Days
AZ Tractor trailer program
Manual transmission & backup training everyday
We welcome welfare workers & compensation clients
Forklift Re-Certification Only $69.00/-
Karnail Singh
416.670.3173 | 905.799.7333
27 Edvac Dr, Brampton, ON L6S 5X8

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permited in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਨਾਨਕਸਰ ਗੁਰਦੁਆਰੇ ਦੇ ਪ੍ਰਧਾਨ ਹੁੰਜਨ ਨਹੀਂ ਰਹੇ



ਬਰੈਂਪਟਨ, 4 ਮਾਰਚ (ਸੁਰਜੀਤ ਸਿੰਘ ਫਲੋਰਾ) ਬਹੁਤ ਹੀ ਦੁਖੀ ਹਿਰਦੇ ਨਾਲ ਖ਼ਬਰ ਦਿੱਤੀ ਜਾ ਰਹੀ ਹੈ ਕਿ ਨਾਨਕਸਰ ਗੁਰੂਘਰ ਟਿੰਮਬਰਲੇਨ ਬਰੈਂਪਟਨ ਦੇ ਪ੍ਰਧਾਨ ਸ੍ਰ ਗੁਰਮੁਖ ਸਿੰਘ ਹੁੰਜਨ 4 ਮਾਰਚ ਦੀ ਸਵੇਰ ਨੂੰ ਇਸ ਫਾਨੀ ਦੁਨੀਆਂ ਨੂੰ ਅਲਵਿਦਾ ਆਖ ਕੇ ਪ੍ਰਮਾਤਮਾ ਦੀ ਗੋਦ ਵਿਚ ਜਾ ਬਿਰਾਜੇ ਹਨ। ਉਹਨਾਂ ਦਾ ਜਨਮ ਪਿਤਾ ਸ੍ਰ ਰਤਨ ਸਿੰਘ ਹੁੰਜਨ ਅਤੇ ਮਾਤਾ ਸ੍ਰੀ ਜਗੀਰ ਕੌਰ ਹੁੰਜਨ ਦੇ ਘਰ ਜਨਮ ਜੂਨ 28, 1950 ਨੂੰ ਜਗਰਾਂਓ ਵਿਚ ਹੋਇਆ ਸੀ। ਕਲੇਰਾਂ ਵਿਚ ਰਹਿੰਦੇ ਹੋਏ ਉਹਨਾਂ ਨੂੰ ਬਾਬਾ ਈਸ਼ਰ ਸਿੰਘ ਜੀ ਨਾਨਕਸਰ ਕਲੇਰਾ 'ਚ ਸੇਵਾ ਕਰਨ ਦਾ ਮੌਕਾ ਮਿਲਿਆ। ਉਹ ਕਾਫੀ ਲੰਮੇ ਸਮੇਂ ਤੋਂ ਕੈਨੇਡਾ ਵਿਚ ਆਪਣੀ ਧਰਮ ਪਤਨੀ ਸਰਦਾਰਨੀ ਹਰਵਿੰਦਰ ਕੌਰ ਹੁੰਜਨ, ਲੜਕੇ ਗੁਰਾਜ ਸਿੰਘ ਅਤੇ ਦੋ ਲੜਕਿਆਂ ਜਸਪ੍ਰੀਤ ਕੌਰ ਅਤੇ ਹਰਜੋਤ ਕੌਰ ਨਾਲ ਰਹਿ ਰਹੇ ਸਨ। ਉਹ ਨਾਨਕਸਰ ਗੁਰੂਘਰ ਦੀ ਸੇਵਾ 1982 ਤੋਂ ਖਿੜੇ ਮੱਥੇ ਕਰ ਰਹੇ ਸਨ। ਉਹ ਸੁਭਾਅ ਦੇ ਬਹੁਤ ਹੀ ਖੁਸ਼ਦਿਲੀ ਇੰਨਸਾਨ ਸਨ, ਜੋ ਵੀ ਉਹਨਾਂ ਨੂੰ ਮਿਲਦਾ ਸੀ, ਉਹਨਾਂ ਦੇ ਮਿੱਠੇ ਸੁਭਾਅ ਅਤੇ ਮਿਲਨਸਾਰ ਰੂਹ ਹੋਣ ਕਾਰਨ ਉਹਨਾਂ ਨਾਲ ਆਪਣੀ ਨੇੜਤਾ ਵਧਾਉਣ ਵਿਚ ਖੁਸ਼ੀ ਮਹਿਸੂਸ ਕਰਦਾ ਸੀ। ਮੈਨੂੰ ਵੀ ਕੁਝ ਸਮੇਂ ਤੋਂ ਉਹਨਾਂ ਨੂੰ ਮਿਲਨ ਦਾ ਮੌਕਾ ਮਿਲਿਆਂ, ਜਦ ਵੀ ਮਿਲਦੇ ਸਨ ਮੁਖੜੇ ਤੇ ਮੁਸ਼ਕਰਾਹਟ ਤੇ ਹਰਪਲ ਸੇਵਾਭਾਵਨਾਂ ਦੀ ਗੱਲ ਕਰਨੀ। ਪਿਛਲੇ ਕੁਝ ਦਿਨਾਂ ਤੋਂ ਉਹ ਹਸਪਤਾਲ ਵਿਚ ਆਈ ਸੀ ਜੂ ਵਿਚ ਸਨ । ਕੁਝ ਹੀ ਦਿਨਾਂ ਦੇ ਇਸ ਦੌਰ ਵਿਚ ਆਖਿਰ 4 ਮਾਰਚ ਸਵੇਰੇ ਸਭ ਨੂੰ ਅਲਵਿਦਾ ਆਖ ਗਏ। ਉਹਨਾਂ ਦਾ ਇਸ ਤਰ੍ਹਾਂ ਅਚਾਂਨਕ ਵਿਛੋੜਾ ਉਹਨਾਂ ਦੀ ਗੁਰੂਘਰ ਦੇ ਸੰਗੀਆਂ ਅਤੇ ਪਰਿਵਾਰ ਵਿਚ ਉਹਨਾਂ ਦੀ ਯਾਦ ਦਿਵਾਉਂਦਾ ਰਹੇਗਾ। ਅਖਿਰ ਤੇ ਅਸੀਂ ਵਾਹਿਗੁਰੂ ਉਸ ਅਕਾਲਪੁਰਖ ਦੇ ਚਰਨਾਂ ਅਰਦਾਸ ਜੋਦੜੀ ਕਰਦੇ ਹਾਂ ਕਿ ਉਹਨਾਂ ਦੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ ਤੇ ਸਭ ਸੰਗੀਆਂ ਅਤੇ ਪਰਿਵਾਰ ਵਾਹਿਗੁਰੂ ਦਾ ਭਾਣਾਂ ਮੰਨਣ ਦਾ ਬਲ ਬਖ਼ਸ਼ੇ।

## ਬੱਦਰੀ ਧਾਮ ਲਈ ਚੜ੍ਹਾਏ ਹੀਰੇ ਜੜੇ ਛਤਰ ਦੇ ਪੈਸੇ ਨਾ ਦੇਣ ਉੱਤੇ ਕੁਰਕੀ ਦਾ ਨੋਟਿਸ ਜਾਰੀ

ਲੁਧਿਆਣਾ, 4 ਮਾਰਚ (ਪੋਸਟ ਬਿਊਰੋ)- ਸ੍ਰੀ ਬਦਰੀਨਾਥ ਧਾਮ ਲਈ ਹੀਰੇ ਜੜੇ ਸੋਨੇ ਦਾ ਛਤਰ ਚੜ੍ਹਾਉਣ ਵਾਲੇ ਸੂਦ ਭਰਾਵਾਂ ਦੀਆਂ ਮੁਸ਼ਕਿਲਾਂ ਵਧ ਗਈਆਂ ਹਨ। ਇਸ ਛਤਰ ਦੇ ਪੈਸੇ ਨਾ ਦੇਣ ਕਾਰਨ ਮਥੁਰਾ ਪੁਲਸ ਨੇ ਯੋਗੇਸ਼ਵਰ ਸੂਦ ਤੇ ਜਾਨੇਸ਼ਵਰ ਸੂਦ ਦੋਵਾਂ ਭਰਾਵਾਂ ਦੇ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਦੂਜੇ ਪਾਸੇ ਮਥੁਰਾ ਅਦਾਲਤ ਨੇ ਪੁਲਸ ਨੂੰ ਨੋਟਿਸ ਦਿੱਤਾ ਹੈ ਕਿ ਜੇ ਸੂਦ ਭਰਾ ਛਤਰ ਦੇ ਪੈਸੇ ਨਹੀਂ ਦੇਂਦੇ ਤਾਂ ਉਨ੍ਹਾਂ ਦੀ ਸੰਪਤੀ ਕੁਰਕ ਕਰ ਕੇ ਪੈਸੇ ਦੀ ਅਦਾਇਗੀ ਕੀਤੀ ਜਾਵੇ। ਮਥੁਰਾ ਪੁਲਸ ਕੱਲ੍ਹ ਇਸ ਸੰਬੰਧ ਵਿੱਚ ਲੁਧਿਆਣਾ ਪੁਲਸ ਦੀ ਟੀਮ ਨੂੰ ਨਾਲ ਲੈ ਕੇ ਢੋਲ ਨਗਾਰਿਆਂ ਨਾਲ ਸੂਦ ਭਰਾਵਾਂ ਦੇ ਘਰ ਪੁੱਜੀ ਅਤੇ ਪ੍ਰਾਪਰਟੀ ਕੁਰਕ ਕਰਨ ਦਾ ਨੋਟਿਸ ਘਰ ਦੇ ਬਾਹਰ ਚਿਪਕਾ ਦਿੱਤਾ ਗਿਆ।

ਉੱਤਰ ਪ੍ਰਦੇਸ਼ ਦੇ ਮਥੁਰਾ ਅਤੇ ਪੰਜਾਬ ਦੇ ਲੁਧਿਆਣਾ ਦੀ ਪੁਲਸ ਨੇ ਹੋਰ ਜਾਣਕਾਰੀ ਦੇਣ ਤੋਂ ਇਨਕਾਰ ਕਰ ਦਿੱਤਾ ਹੈ, ਪਰ ਜਾਣਕਾਰ ਸੂਤਰਾਂ ਅਨੁਸਾਰ ਅਦਾਲਤ ਦੇ ਹੁਕਮਾਂ 'ਤੇ ਧਾਰਾ 82 ਹੇਠ ਕੁਰਕੀ ਦਾ ਨੋਟਿਸ ਜਾਰੀ ਕੀਤਾ ਗਿਆ ਹੈ। ਜੇ ਇੱਕ ਮਹੀਨੇ ਵਿੱਚ ਸੂਦ ਭਰਾ ਅਦਾਲਤ ਸਾਹਮਣੇ ਪੇਸ਼ ਨਹੀਂ ਹੁੰਦੇ ਤਾਂ ਉਨ੍ਹਾਂ ਦੇ ਘਰ ਦਾ ਸਾਮਾਨ ਕੁਰਕ ਹੋ ਸਕਦਾ ਹੈ। ਵਰਨਣ ਯੋਗ ਹੈ ਕਿ ਕਰੀਬ ਇੱਕ ਮਹੀਨਾ ਪਹਿਲਾਂ ਉੱਤਰ ਪ੍ਰਦੇਸ਼ ਦੀ ਪੁਲਸ ਨੇ ਉਨ੍ਹਾਂ ਨੂੰ ਫੜਨ ਲਈ ਛਾਪੇ ਮਾਰੇ ਸਨ, ਪਰ ਓਦੋਂ ਸੂਦ ਭਰਾ ਨਹੀਂ ਮਿਲੇ ਸਨ ਅਤੇ ਨਾ ਉਹ ਅਦਾਲਤ 'ਚ ਪੇਸ਼ ਹੋਏ ਸਨ, ਜਿਸ ਪਿੱਛੋਂ ਕੁਰਕੀ ਦਾ ਨੋਟਿਸ ਜਾਰੀ ਹੋਇਆ ਹੈ। ਦੋਵਾਂ ਭਰਾਵਾਂ ਨੇ ਮਥੁਰਾ ਦੇ ਸੁਨਿਆਰੇ ਪ੍ਰਵੀਨ ਅਗਰਵਾਲ ਤੋਂ ਤਿੰਨ ਕਿਲੋ ਦਾ ਸੋਨੇ ਦਾ ਹੀਰੇ ਜੜ੍ਹਿਆ ਛਤਰ ਬਣਵਾਇਆ ਸੀ ਅਤੇ 1.31 ਕਰੋੜ ਦੀ ਅਦਾਇਗੀ ਨਹੀਂ ਕੀਤੀ, ਜਿਸ ਕਾਰਨ ਕੇਸ ਦਰਜ ਕੀਤਾ ਗਿਆ ਸੀ।

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 ● For Marketing 647-656-6648

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

## ਵਿਅੰਗ

# ਕੋਰੋਨਾ ਵਾਇਰਸ ਅਤੇ ਪ੍ਰਹੇਜ਼

-ਨੂਰ ਸੰਤੋਖਪੁਰੀ-

ਆ.. ਹਾ... ਹਾ... ਆ... ਆ! ਵਾਹ, ਵਾਹ! ਕਿੰਨਾ ਸੋਹਣਾ ਅਤੇ ਦਿਲਕਸ਼ ਨਾਂਅ ਹੈ; ਕੋਰੋਨਾ ਵਾਇਰਸ। ਜਿਵੇਂ ਅੰਗਰੇਜ਼ੀ ਫਿਲਮਾਂ ਦੀ ਕਿਸੇ ਖ਼ੂਬਸੂਰਤ ਤੇ ਆਕਰਸ਼ਕ ਅਭਿਨੇਤਰੀ ਦਾ ਨਾਂਅ ਹੋਵੇ, ਪਰ ਇਸ ਕੋਰੋਨਾ ਵਾਇਰਸ ਦਾ ਨਾਂਅ ਕਿਸੇ ਖਤਰਨਾਕ ਤੇ ਮਸ਼ਹੂਰ ਅੱਤਵਾਦੀ ਦੇ ਨਾਂਅ ਵਾਂਗ ਲੋਕਾਂ ਵਿੱਚ ਦਹਿਸ਼ਤ ਤੇ ਖੌਫ ਭਰਦਾ ਹੈ। ਹਰ ਕੋਈ ਇਸ ਤੋਂ ਡਰ ਰਿਹਾ ਹੈ। ਕੋਈ ਕੋਈ ਬੰਦਾ ਇਸ ਦਾ ਨਾਂਅ ਲੈਣ ਤੋਂ ਵੀ ਡਰਦਾ ਹੈ। ਕੋਰੋਨਾ ਵਾਇਰਸ ਦੀ ਚਰਚਾ ਪਿਛਲੇ ਕੁਝ ਸਮੇਂ ਤੋਂ ਦੁਨੀਆ ਦੇ ਕੋਨੇ-ਕੋਨੇ ਵਿੱਚ ਹੋ ਰਹੀ ਹੈ। ਓਨੀ ਚਰਚਾ ਦਹਿਸ਼ਤਗਰਦਾਂ, ਉਨ੍ਹਾਂ ਦੇ ਖ਼ੈਰਖਵਾਹਾਂ, ਸਰਪ੍ਰਸਤਾਂ, ਐਟਮੀ ਹਥਿਆਰਾਂ, ਜ਼ਿੱਦੀ, ਅੜਬ ਤੇ ਹੈਂਕੜਬਾਜ਼ਾਂ ਹੁਕਮਰਾਨਾਂ, ਸਿਆਸਦਾਨਾਂ, ਅਭਿਨੇਤਾਵਾਂ, ਅਭਿਨੇਤਰੀਆਂ ਦੀ ਨਹੀਂ ਹੋ ਰਹੀ, ਜਿੰਨੀ ਜ਼ਿਆਦਾ ਚਰਚਾ ਕੋਰੋਨਾ ਵਿਸ਼ਾਣੂ ਦੀ ਹੁੰਦੀ ਹੈ। ਇਸ ਜਾਨਲੇਵਾ ਤੇ ਖਤਰਨਾਕ ਵਾਇਰਸ ਦੇ ਚਰਚੇ ਨੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਉਤਰੀ ਕੋਰੀਆ ਦੇ ਰਾਸ਼ਟਰਪਤੀ ਕਿਮ ਜੋਂਗ ਉਨ ਦੇ ਚਰਚਿਆਂ ਨੂੰ ਵੀ ਪਿੱਛੇ ਛੱਡ ਦਿੱਤਾ ਹੈ। ਬੱਸ, ਚੀਨ ਤੇ ਉਥੋਂ ਨਿਕਲ ਕੇ ਦੁਨੀਆ ਦੇ ਕੋਨੇ-ਕੋਨੇ 'ਚ ਦਹਿਸ਼ਤ ਦੀ ਦਸਤਕ ਦੇਣ ਵਾਲੇ ਕੋਰੋਨਾ ਬਾਰੇ ਹੀ ਲੋਕਾਂ ਵਿੱਚ, ਅਖਬਾਰਾਂ ਵਿੱਚ, ਟੀ ਵੀ ਚੈਨਲਾਂ 'ਤੇ, ਸੋਸ਼ਲ ਮੀਡੀਆ 'ਚ, ਹਸਪਤਾਲਾਂ 'ਚ, ਏਅਰਪੋਰਟਸ 'ਤੇ, ਬੰਦਰਗਾਹਾਂ ਵਗੈਰਾ ਥਾਵਾਂ 'ਤੇ ਗੱਲਾਂ ਹੋ ਰਹੀਆਂ ਹਨ। ਵਿਚਾਰ-ਵਟਾਂਦਰੇ ਹੋ ਰਹੇ ਹਨ ਤੇ ਮਾਸਕ, ਦਸਤਾਨੇ ਆਦਿ ਧੜਾਧੜ ਫਟਾਫਟ ਵਿਕ ਰਹੇ ਹਨ। ਰੁਮਾਲ ਵਗੈਰਾ ਵੀ।

ਪਿਛਲੇ ਕਈ ਸਾਲਾਂ ਤੋਂ ਚੀਨ 'ਚ ਬਣੇ ਵੱਖ-ਵੱਖ ਕਿਸਮ ਦੇ ਸਸਤੇ ਸਾਮਾਨ ਨੇ ਪੂਰੀ ਦੁਨੀਆ ਦੇ ਬਾਜ਼ਾਰਾਂ ਵਿੱਚ ਤਰਥੱਲੀ ਮਚਾਈ ਹੋਈ ਹੈ ਅਤੇ ਕਈ ਮੁਲਕਾਂ ਦੇ ਸਨਅਤਕਾਰਾਂ, ਕਾਰੋਬਾਰੀਆਂ ਦੀਆਂ ਸਨਅਤਾਂ ਤੇ ਕਾਰੋਬਾਰਾਂ ਨੂੰ ਥੱਲੇ ਲਾ ਛੱਡਿਆ ਹੋਇਆ ਹੈ। ਚੀਨ ਨੇ ਚੀਨੀਆਂ-ਚੀਨਣਾਂ ਨੂੰ ਵੱਖ-ਵੱਖ ਤਰ੍ਹਾਂ ਦੀਆਂ ਆਈਟਮਸ ਬਣਾਉਣ ਲਾ ਰੱਖਿਆ ਹੈ ਤੇ ਹੋਰ ਦੇਸ਼ਾਂ ਦੇ ਅਣਗਿਣਤ ਕਾਰੀਗਰਾਂ ਤੇ ਕਰਮਚਾਰੀਆਂ ਨੂੰ ਮੱਖੀਆਂ ਮਾਰਨ ਲਈ ਵਿਹਲੇ ਬਿਠਾ ਰੱਖਿਆ ਹੈ। ਸਾਡੇ ਆਪਣੇ ਦੇਸ਼ ਦੇ ਕਈ ਵਪਾਰੀਆਂ ਤੇ ਦੁਕਾਨਦਾਰਾਂ ਉਪਰ 'ਬੀ ਇੰਡੀਅਨ ਬਾਈ ਇੰਡੀਅਨ' ਮਾਟੋ ਦਾ ਕੋਈ ਅਸਰ ਨਹੀ ਹੋ ਰਿਹਾ ਅਤੇ ਉਹ ਚੀਨ ਦੇਸ਼ 'ਚ ਬਣਿਆ ਵੱਖ-ਵੱਖ ਕਿਸਮ ਦਾ ਸਸਤਾ ਸਾਮਾਨ ਇਥੇ ਦੇ ਬਾਜ਼ਾਰਾਂ 'ਚ ਵੇਚ-ਵੇਚ ਕੇ ਵੱਧ ਮੁਨਾਫਾ ਕਮਾ ਰਹੇ ਹਨ, ਯਾਨੀ ਭਾਰਤ ਦੀ ਮੰਦੀ ਹਾਲਤ 'ਚ ਭਰਪੂਰ ਯੋਗਦਾਨ ਪਾ ਰਹੇ ਹਨ। ਪਹਿਲਾਂ ਉਹ ਚੀਨ ਦੇਸ਼ ਦੀਆਂ ਕਈ ਤਰ੍ਹਾਂ ਦੀਆਂ ਆਈਟਮਸ ਨੂੰ ਵੇਖਣ-ਪਰਖਣ ਤੇ ਆਰਡਰ ਬੁੱਕ ਕਰਵਾਉਣ ਲਈ ਉਥੋਂ ਦਾ ਗੇੜੇ 'ਤੇ ਗੇੜਾ ਲਾਉਂਦੇ ਸਨ, ਪਰ ਜਦੋਂ ਤੋਂ ਚੀਨ 'ਚ ਪੈਦਾ ਹੋਈ ਨਵੀਂ ਆਈਟਮ, ਬਿਮਾਰੀ ਦੀ ਨਵੀਂ ਆਈਟਮ ਨੋਵਲ ਕੋਰੋਨਾ ਵਾਇਰਸ ਦੇ ਪ੍ਰਭਾਵਤ ਲੋਕਾਂ ਤੇ ਪੀੜਤ ਵਿਅਕਤੀਆਂ ਦੀ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ, ਉਦੋਂ ਤੋਂ ਭਾਰਤੀ ਵਪਾਰੀਆਂ ਤੇ ਦੁਕਾਨਦਾਰਾਂ ਅਤੇ ਹੋਰ ਕਈ ਲੋਕਾਂ ਨੇ ਚੀਨ ਦਾ ਗੇੜਾ ਲਾਉਣ ਤੋਂ ਤੌਬਾ ਕਰ ਲਈ ਹੈ। ਇਸ ਵਾਇਰਸ ਤੋਂ ਪੀੜਤ ਕਈ ਚੀਨੀ ਲੋਕ ਮੌਤ ਦੇ ਮੂੰਹ ਜਾ ਪਏ ਅਤੇ ਕਈ ਜ਼ਿੰਦਗੀ-ਮੌਤ ਦੀ ਲੜਾਈ ਲੜ ਰਹੇ ਹਨ। ਜਿਹੜੇ ਹੋਰ ਦੇਸ਼ਾਂ ਦੇ ਲੋਕ ਚੀਨ ਦੀ ਯਾਤਰਾ ਖਾਸ ਕਰ ਕੇ ਉਥੋਂ ਦੇ ਦੋ ਰਾਜਾਂ ਵੂਹਾਨ ਤੇ ਹੁਏਈ ਵਿਚੋਂ ਹੋ ਕੇ ਆਪਣੇ ਦੇਸ਼ ਪਰਤਦੇ ਹਨ, ਉਨ੍ਹਾਂ ਨੂੰ ਉਨ੍ਹਾਂ ਦੇ ਘਰਾਂ, ਰੈਣ ਬਸੇਰਿਆਂ ਤੱਕ ਪਹੁੰਚਣ ਤੋਂ ਪਹਿਲਾਂ ਮੈਡੀਕਲ ਟੀਮਾਂ ਦੀ ਨਿਗਰਾਨੀ ਹੇਠ ਸਿੱਧਾ ਹਸਪਤਾਲਾਂ ਵਿੱਚ ਚੈਕਿੰਗ ਲਈ ਭੇਜਿਆ ਜਾਂਦਾ ਹੈ। ਚੀਨ ਦੇ ਸਸਤੇ ਸਾਮਾਨ ਦੀ ਗੱਲ ਹੋਰ ਹੈ। 'ਬਿਲਕੁਲ ਮੁਫਤ ਆਈਟਮ' ਵਾਂਗ ਨੋਵਲ ਕੋਰੋਨਾ ਤੋਂ ਹਰ ਕੋਈ ਦੂਰ ਰਹਿਣਾ ਚਾਹੁੰਦਾ ਹੈ। ਇੱਕ ਨਾਲ ਇੱਕ ਮੁਫਤ ਦਾ ਪ੍ਰਭਾਵ ਖਰੀਦਦਾਰਾਂ ਉਪਰ ਪੈ ਜਾਂਦਾ ਹੈ। ਕੋਰੋਨਾ ਵਾਇਰਸ ਵਰਗੀ ਖਤਰਨਾਕ ਤੇ ਜਾਨਲੇਵਾ ਚੀਜ਼ ਕੋਈ ਵੀ ਵਿਅਕਤੀ ਮੁਫਤ ਵੀ ਕਿਉਂ ਲਏਗਾ? ਮੌਤ ਨੂੰ ਮਾਸੀ ਕਿਉਂ ਕਹੇਗਾ?

ਖਤਰਨਾਕ ਅਤੇ ਜਾਨ ਦਾ ਦੁਸ਼ਮਣ ਭਾਵੇਂ ਕੋਈ ਵਿਅਕਤੀ ਹੋਵੇ ਜਾਂ ਕੋਈ ਰੋਗ, ਉਸ ਦੀ ਦਹਿਸ਼ਤ ਦਿਲ ਤੇ ਕੰਬਾ ਦਿੰਦੀ ਹੈ। ਜੇ ਕਿਸੇ ਦਹਿਸ਼ਤੀ ਰੋਗ ਕਾਰਨ ਡਾਕਟਰ ਲੋਕਾਂ ਨੂੰ ਦਿਲ ਦੁਖਾਉਣ ਅਤੇ ਦਿਲ ਤੋੜਨ ਵਾਲਾ ਪ੍ਰਹੇਜ਼ ਕਰਨ ਨੂੰ ਕਹਿਣ ਤਾਂ ਲੋਕ ਕੀ ਕਰਨ। ਦਿਨੋ-ਦਿਨ ਕੋਰੋਨਾ ਵਾਇਰਸ ਦੇ ਨਾਲ ਸਵਾਈਨ ਫਲੂ ਦੇ ਵਾਇਰਸ ਦੀ ਦਹਿਸ਼ਤ ਵਧਦੀ ਜਾ ਰਹੀ ਹੈ ਅਤੇ ਡਾਕਟਰ ਇੱਕ ਤਰ੍ਹਾਂ ਪਿਆਰ ਦੇ ਵਾਇਰਸ ਤੋਂ ਬਚਣ ਦੀ ਸਲਾਹ ਦੇ ਰਹੇ ਹਨ। ਉਹ ਕਹਿੰਦੇ ਹਨ, 'ਕਿਸੇ ਨਾਲ ਹੱਥ ਨਾ ਮਿਲਾਓ, ਕਿਸੇ ਨੂੰ ਜੱਫੀ ਨਾ ਪਾਓ, ਕਿਸੇ ਨੂੰ ਚੁੰਮਾ-ਚੱਟੀ ਦੀ ਚੱਟਣੀ ਨਾ ਚਟਾਓ, ਕਿਸੇ ਨਾਲ ਕਿਸੇ ਤਰ੍ਹਾਂ ਦਾ ਸੰਪਰਕ ਨਾ ਕਰੋ। ਕਿਸੇ ਦੇ ਕੋਲ ਢੁਕ ਕੇ ਨਾ ਬੈਠੋ। ਬੱਸ ਦੂਰ ਰਹੋ।''

ਤੁਸੀਂ ਦੱਸੋ, ਇਹ ਦਿਲ ਦੁਖਾਉਣੇ ਤੇ ਦਿਲ ਤੋੜਨ ਵਾਲਾ ਪ੍ਰਹੇਜ਼ ਨਹੀਂ ਹੈ ਤਾਂ ਹੋਰ ਕੀ ਹੈ। ਹੱਥ ਮਿਲਾਉਣ, ਕੋਲ-ਕੋਲ ਬਹਿ ਕੇ ਇੱਕ ਦੂਸਰੇ ਨਾਲ ਗੱਲਾਂ ਕਰਨ, ਸੰਪਰਕ ਕਰਨ ਆਦਿ ਨਾਲ ਹੀ ਪਿਆਰ ਵਧਦਾ ਹੈ। ਕੋਈ ਕਹਿੰਦਾ ਹੈ ਕਿ ਪਿਆਰ ਅੰਨ੍ਹਾ ਹੁੰਦਾ ਹੈ, ਕੋਈ ਫਰਮਾਉਂਦਾ ਹੈ ਕਿ ਪਿਆਰ ਸ਼ੁਦਾਅ ਹੈ। ਇੱਕ ਰੋਗ ਹੁੰਦਾ ਹੈ, ਹੋਰਨਾਂ ਖਤਰਨਾਕ ਰੋਗਾਂ ਦੇ ਵਾਇਰਸ ਫੈਲਣ ਤੋਂ ਰੋਕਣ ਲਈ ਪੂਰੀ ਦੁਨੀਆ ਦੇ ਦੇਸ਼ਾਂ ਅੰਦਰ ਪੂਰਾ ਟਿੱਲ ਲਾਇਆ ਜਾ ਰਿਹਾ ਹੈ। ਪਿਆਰ ਦਾ ਪਿਆਰਾ ਵਾਇਰਸ ਵੀ ਫੈਲਾਉਣ ਤੋਂ ਮਨ੍ਹਾ ਕੀਤਾ ਜਾ ਰਿਹਾ ਹੈ। ਕਈ ਨਵੇਂ ਵਿਆਹੇ ਜੋੜੇ ਅਤੇ ਹੋਰ ਪਿਆਰ ਕਰਨ ਵਾਲੇ ਬਹੁਤ ਦੁਖੀ ਹਨ। ਖਾਣ-ਪੀਣ ਦੀਆਂ ਚੀਜ਼ਾਂ ਦਾ ਪ੍ਰਹੇਜ਼ ਕਰਨਾ ਸੌਖਾ ਹੈ। ਪਿਆਰ ਕਰਨ ਤੋਂ ਪ੍ਰਹੇਜ਼ ਕਰਨਾ ਬਹੁਤ ਔਖਾ ਹੈ।

# ਦਿੱਲੀ ਪੁਲਸ ਫਿਰਕੂ ਬਣ ਚੁੱਕੀ ਹੈ

-ਕਰਣ ਥਾਪਰ

ਜੇ ਮੈਂ ਕਮਿਸ਼ਨਰ ਹੁੰਦਾ ਤਾਂ ਤੁਰੰਤ ਅਨੁਰਾਗ ਠਾਕੁਰ, ਪ੍ਰਵੇਸ਼ ਵਰਮਾ ਤੇ ਕਪਿਲ ਮਿਸ਼ਰਾ ਨੂੰ ਗ੍ਰਿਫਤਾਰ ਕਰ ਲੈਂਦਾ। ਦਿੱਲੀ ਪੁਲਸ ਫਿਰਕੂ ਬਣ ਚੁੱਕੀ ਹੈ ਅਤੇ ਇਹ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਕੰਮ ਕਰ ਰਹੀ ਹੈ। ਇਹ ਕਹਿਣਾ ਹੈ ਦਿੱਲੀ ਪੁਲਸ ਦੇ ਸਾਬਕਾ ਕਮਿਸ਼ਨਰ ਤੇ ਬੀ ਐੱਸ ਐੱਫ ਦੇ ਸਾਬਕਾ ਡਾਇਰੈਕਟਰ ਜਨਰਲ ਅਜੈ ਰਾਜ ਸ਼ਰਮਾ ਦਾ। ਉਨ੍ਹਾਂ ਨੇ ਇੱਕ ਇੰਟਰਵਿਊ ਦੌਰਾਨ ਇਹ ਗੱਲਾਂ ਕਹੀਆਂ। ਇਹ ਇੰਟਰਵਿਊ ਸਰਕਾਰ ਨੂੰ ਗੁੱਸਾ ਚਾੜ੍ਹ ਸਕਦੀ ਹੈ। ਦਿੱਲੀ ਪੁਲਸ ਦੇ ਕੰਨ ਖੜੇ ਕਰ ਸਕਦੀ ਹੈ। ਦੰਗਿਆਂ ਦੌਰਾਨ ਬਣਾਏ ਵੀਡੀਓਜ਼ ਦੇ ਆਧਾਰ 'ਤੇ ਇੰਝ ਪ੍ਰਤੀਤ ਹੁੰਦਾ ਹੈ ਕਿ ਦਿੱਲੀ ਪੁਲਸ ਫਿਰਕੂ ਬਣ ਰਹੀ ਹੈ। ਪੁਲਸ ਦੇ ਵਿਹਾਰ ਦੇ ਵੀਡੀਓ, ਜੋ ਸੋਸ਼ਲ ਮੀਡੀਆ 'ਚ ਵੰਡੇ ਗਏ ਹਨ, ਸਾਫ ਤੌਰ 'ਤੇ ਇਸ ਗੱਲ ਦੀ ਵਿਆਖਿਆ ਕਰਦੇ ਹਨ। ਉਨ੍ਹਾਂ ਕਿਹਾ ਕਿ ਪੁਲਸ ਕਮਿਸ਼ਨਰ ਅਮੂਲਯ ਪਟਨਾਇਕ ਨੇ ਔਖਾ ਸਮਾਂ ਝੱਲਿਆ ਹੈ, ਪਰ ਇਸ ਪ੍ਰੀਖਿਆ ਦੀ ਘੜੀ ਵਿੱਚ ਉਹ ਅਸਫਲ ਹੋਏ ਹਨ। ਸ਼ਰਮਾ ਨੇ ਕਿਹਾ ਕਿ ਪੁਲਸ ਨੇ ਦਿੱਲੀ ਦੰਗਿਆਂ ਨੂੰ ਪ੍ਰਭਾਵੀ ਢੰਗ ਨਾਲ ਨਹੀਂ ਨਜਿੱਠਿਆ। ਹਾਲਾਤ ਨਾਲ ਨਜਿੱਠਣ 'ਚ ਅਸਫਲ ਰਹਿਣ ਦਾ ਦਿੱਲੀ ਪੁਲਸ ਦਾ ਇਤਿਹਾਸ ਪਿਛਲੀ ਦਸੰਬਰ ਤੋਂ ਦਿਖਾਈ ਦਿੱਤਾ, ਜਦੋਂ ਉਸ ਨੇ ਜਾਮੀਆ ਦੀਆਂ ਘਟਨਾਵਾਂ ਨੂੰ ਸਹੀ ਢੰਗ ਨਾਲ ਨਹੀਂ ਨਜਿੱਠਿਆ।

'ਦਿ ਵਾਇਰ' ਲਈ ਦਿੱਤੀ ਇੰਟਰਵਿਊ ਦੌਰਾਨ ਉਨ੍ਹਾਂ ਨੇ ਮੈਨੂੰ ਕਿਹਾ ਕਿ ਜਸਟਿਸ ਜੋਸਫ ਪੂਰੀ ਤਰ੍ਹਾਂ ਸਹੀ ਹਨ, ਜਦੋਂ ਉਨ੍ਹਾਂ ਨੇ 25 ਫਰਵਰੀ ਨੂੰ ਸੁਪਰੀਮ ਕੋਰਟ 'ਚ ਕਿਹਾ ਕਿ ਇਥੇ ਵੱਡੀ ਪ੍ਰੇਸ਼ਾਨੀ ਪੁਲਸ ਦੇ ਕਿੱਤੇ ਵਿੱਚ ਕਮੀ ਦੀ ਹੈ। ਸ਼ਰਮਾ ਨੇ ਕਿਹਾ ਕਿ ਪੁਲਸ ਨੇ ਸਥਿਤੀ ਨੂੰ ਹੋਰ ਵਿਗੜਨ ਦਿੱਤਾ ਤੇ ਇਹ ਦੰਗਿਆਂ ਦਾ ਰੂਪ ਧਾਰਨ ਕਰ ਗਈ। ਜੇ ਪੁਲਸ ਨੇ ਤਤਕਾਲ ਕਾਰਵਾਈ ਕੀਤੀ ਹੁੰਦੀ ਤਾਂ ਇਨ੍ਹਾ ਦੰਗਿਆਂ ਨੂੰ ਭੜਕਣ ਤੋਂ ਬਚਾਇਆ ਜਾ ਸਕਦਾ ਸੀ। ਪੁਲਸ ਤੋਂ ਪਹਿਲੀ ਗਲਤੀ ਇਹ ਹੋਈ ਕਿ ਉਸ ਨੇ ਸ਼ਾਹੀਨ ਬਾਗ 'ਚ ਵਿਖਾਵਾਕਾਰੀਆਂ ਨੂੰ ਇਕੱਠੇ ਹੋਣ ਦੀ ਇਜਾਜ਼ਤ ਦਿੱਤੀ। ਲੋਕਾਂ ਦਾ ਇਸ ਤਰ੍ਹਾਂ ਇਕੱਠੇ ਹੋਣਾ ਕਾਨੂੰਨ ਦੀ ਉਲੰਘਣਾ ਸੀ। ਇਹ ਸਰਕਾਰੀ ਜਾਇਦਾਦ ਉੱਤੇ ਕੀਤਾ ਕਬਜ਼ਾ ਸੀ। ਕਿਸੇ ਨੂੰ ਅਧਿਕਾਰ ਨਹੀਂ ਕਿ ਉਹ ਸੜਕਾਂ 'ਤੇ ਜਾਮ ਲਾਉਣ ਅਤੇ ਦੂਸਰਿਆਂ ਲਈ ਰੁਕਾਵਟ ਬਣਨ। ਜੇ ਪੁਲਸ ਨੇ ਪਹਿਲੇ ਦਿਨ ਸ਼ਾਹੀਨ ਬਾਗ ਵਿੱਚ ਕਾਰਵਾਈ ਕੀਤੀ ਹੁੰਦੀ ਤਾਂ ਸਥਿਤੀ ਇੰਨੀ ਨਾ ਵਿਗੜਦੀ। ਸ਼ਰਮਾ ਨੇ ਇਸ ਨੂੰ ਪੁਲਸ ਦੀ ਦੂਸਰੀ ਗਲਤੀ ਮੰਨਿਆ।

ਉਨ੍ਹਾਂ ਕਿਹਾ ਕਿ ਜੇ ਉਹ ਪੁਲਸ ਕਮਿਸ਼ਨਰ ਹੁੰਦੇ ਤਾਂ ਉਨ੍ਹਾਂ ਅਨੁਰਾਗ ਠਾਕੁਰ, ਪ੍ਰਵੇਸ਼ ਵਰਮਾ ਅਤੇ ਕਪਿਲ ਮਿਸ਼ਰਾ ਨੂੰ ਤੁਰੰਤ ਦੀ ਗ੍ਰਿਫਤਾਰ ਕਰ ਲਿਆ ਹੁੰਦਾ। ਅਨੁਰਾਗ ਠਾਕੁਰ ਦੇ ਮਾਮਲੇ ਵਿੱਚ ਉਨ੍ਹਾਂ ਨੇ ਕਿਹਾ ਕਿ ਗ੍ਰਹਿ ਮੰਤਰਾਲੇ ਨੂੰ ਉਹ ਇਸ ਬਾਰੇ ਸੂਚਿਤ ਕਰਦੇ। ਪ੍ਰਵੇਸ਼ ਵਰਮਾ ਦੇ ਕੇਸ 'ਚ ਲੋਕ ਸਭਾ ਦੇ ਸਪੀਕਰ ਨੂੰ ਸੂਚਿਤ ਕਰਨਾ ਚਾਹੀਦਾ ਸੀ। ਕਪਿਲ ਮਿਸ਼ਰਾ ਬਾਰੇ ਉਨ੍ਹਾਂ ਕਿਹਾ ਕਿ ਉਸ ਬਾਰੇ ਕਿਸੇ ਨੂੰ ਸੂਚਿਤ ਕਰਨ ਦੀ ਜ਼ਰੂਰਤ ਹੀ ਨਹੀਂ ਸੀ।

ਡੀ ਸੀ ਪੀ (ਉੱਤਰ-ਪੂਰਬ) ਵੇਦ ਪ੍ਰਕਾਸ਼ ਸੂਰਿਆ, ਜੋ ਕਪਿਲ ਮਿਸ਼ਰਾ ਦਾ ਪੱਖ ਲੈ ਰਹੇ ਸਨ, ਜਦੋਂ ਮਿਸ਼ਰਾ ਅੱਗ ਉਗਲਣ ਵਾਲੀਆਂ ਟਿੱਪਣੀਆਂ ਕਰ ਰਹੇ ਸਨ, ਬਾਰੇ ਬੋਲਦੇ ਹੋਏ ਕਿਹਾ ਕਿ ਉਨ੍ਹਾਂ ਨੇ ਇਸ ਨੂੰ ਰੋਕਣ ਦਾ ਯਤਨ ਨਹੀਂ ਕੀਤਾ। ਸ਼ਰਮਾ ਨੇ ਕਿਹਾ ਕਿ ਮੈਂ ਪ੍ਰਕਾਸ਼ ਸੂਰਿਆ ਤੋਂ ਤੁਰੰਤ ਸਪੱਸ਼ਟੀਕਰਨ ਦੀ ਮੰਗ ਕਰਦਾ, ਜੇ ਜਵਾਬ ਤਸੱਲੀ ਬਖਸ਼ ਨਾ ਮਿਲਦਾ ਤਾਂ ਮੈਂ ਉਨ੍ਹਾਂ ਨੂੰ ਤੁਰੰਤ ਬਰਖਾਸਤ ਕਰ ਦਿੰਦਾ। ਸ਼ਰਮਾ ਨੇ ਇਹ ਵੀ ਮੰਨਿਆ ਕਿ ਪੁਲਸ ਭਾਜਪਾ ਤੋਂ ਡਰਦੀ ਹੈ ਅਤੇ ਸਰਕਾਰ ਦੇ ਦਬਾਅ ਵਿੱਚ ਕੰਮ ਕਰ ਰਹੀ ਹੈ। ਪੁਲਸ ਦੀ ਦੰਗਿਆਂ ਨਾਲ ਨਜਿੱਠਣ ਦੀ ਨਾਕਾਮੀ ਦਾ ਮਤਲਬ ਇਹ ਹੈ ਕਿ ਉਹ ਸਿਆਸੀ ਪ੍ਰਭਾਵ ਦੇ ਅਧੀਨ ਕੰਮ ਕਰ ਰਹੀ ਸੀ।

ਜਸਟਿਸ ਮੁਰਲੀਧਰ ਬਾਰੇ ਉਨ੍ਹਾਂ ਕਿਹਾ ਕਿ ਪੁਲਸ ਨੇ ਦਿੱਲੀ ਹਾਈ ਕੋਰਟ 'ਚ ਜਸਟਿਸ ਮੁਰਲੀਧਰ ਦੇ ਸਵਾਲਾਂ ਦਾ ਢੁਕਵਾਂ ਜਵਾਬ ਨਹੀਂ ਦਿੱਤਾ ਕਿ ਉਸ ਨੇ ਅਨੁਰਾਗ ਠਾਕੁਰ, ਪ੍ਰਵੇਸ਼ ਵਰਮਾ ਅਤੇ ਕਪਿਲ ਮਿਸ਼ਰਾ ਨਫਰਤ ਵਾਲੇ ਭਾਸ਼ਣ ਦੇ ਭੜਕਾਊ ਵੀਡੀਓਜ਼ ਨੂੰ ਨਹੀਂ ਦੇਖਿਆ। ਸ਼ਰਮਾ ਨੇ ਕਿਹਾ ਕਿ ਸਪੱਸ਼ਟ ਤੌਰ 'ਤੇ ਇਹ ਗਲਤ ਜਵਾਬ ਸੀ। ਜੇ ਕੋਈ ਵਿਸ਼ੇਸ਼ ਵਿਅਕਤੀ ਜਾਂ ਕਮਿਸ਼ਨਰ ਅਜਿਹੇ ਵੀਡੀਓਜ਼ ਨੂੰ ਸਾਫ ਤੌਰ 'ਤੇ ਨਹੀਂ ਦੇਖਦਾ ਤਾਂ ਬਾਕੀ ਪੁਲਸ ਇਸ ਨੂੰ ਦੇਖਦੀ। ਉਨ੍ਹਾਂ ਨੇ ਪੁਲਸ ਦੇ ਦਾਅਵੇ ਨੂੰ ਮੰਨਿਆ ਕਿ ਉਸ ਨੇ ਵੀਡੀਓਜ਼ ਨੂੰ ਨਹੀਂ ਦੇਖਿਆ। ਇਸ ਦਾ ਮਤਲਬ ਹੈ ਕਿ ਪੁਲਸ ਨੇ ਦਿੱਲੀ ਹਾਈ ਕੋਰਟ ਨੂੰ ਸੱਚਾਈ ਬਿਆਨ ਨਹੀਂ ਕੀਤੀ। ਸ਼ਰਮਾ ਨੇ ਅੱਗੇ ਕਿਹਾ ਕਿ ਫਿਰਕੂ ਦੰਗੇ ਦੁਸ਼ਮਣਾਂ ਦੇ ਹਮਲੇ ਤੋਂ ਬਾਅਦ ਦੇਸ਼ ਲਈ ਸਭ ਤੋਂ ਅਹਿਮ ਚੁਣੌਤੀ ਹਨ। ਜੇ ਪੁਲਸ ਨੇ ਤੁਰੰਤ ਸ਼ਨੀਵਾਰ ਸ਼ਾਮ ਜਾਂ ਫਿਰ ਐਤਵਾਰ ਸਵੇਰੇ ਜਦੋਂ ਜਾਫਰਾਬਾਦ 'ਚ ਹਿੰਸਾ ਭੜਕੀ ਸੀ, ਕਾਰਵਾਈ ਕੀਤੀ ਹੁੰਦੀ ਤਾਂ ਦੰਗਿਆਂ ਨੂੰ ਰੋਕਿਆ ਜਾ ਸਕਦਾ ਸੀ। ਇਹ ਸਪੱਸ਼ਟ ਤੌਰ 'ਤੇ ਪੁਲਸ ਦੀ ਅਣਦੇਖੀ ਅਤੇ ਗੈਰ-ਜ਼ਿੰਮੇਵਾਰਾਨ ਰਵੱਈਆ ਹੈ।

ਜਦੋਂ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਸੋਸ਼ਲ ਮੀਡੀਆ 'ਚ ਅਜਿਹੇ ਵੀਡੀਓਜ਼ ਬਾਰੇ ਉਨ੍ਹਾਂ ਦਾ ਕੀ ਕਹਿਣਾ ਹੈ, ਜਿਸ 'ਚ ਦੰਗਾਈ ਮੁਸਲਮਾਨਾਂ ਦੀਆਂ ਦੁਕਾਨਾਂ ਨੂੰ ਅੱਗ ਲਾ ਰਹੇ ਹਨ ਤੇ ਪੁਲਸ ਮੂਕ ਦਰਸ਼ਕ ਬਣ ਕੇ ਉਨ੍ਹਾਂ ਨੂੰ ਜਨ, ਗਣ, ਮਨ ਗਾਉਣ ਲਈ ਬੋਲ ਰਹੀ ਹੈ, ਸ਼ਰਮਾ ਨੇ ਕਿਹਾ ਕਿ ਉਨ੍ਹਾਂ ਨੇ ਅਜਿਹੇ ਵੀਡੀਓਜ਼ ਨੂੰ ਅਜੇ ਤੱਕ ਨਹੀਂ ਦੇਖਿਆ ਅਤੇ ਜੇ ਉਨ੍ਹਾਂ 'ਚ ਕੋਈ ਸੱਚਾਈ ਹੈ ਜਾਂ ਉਹ ਸਹੀ ਹਨ ਤਾਂ ਇਹ ਸੁੱਝਦਾ ਹੈ ਕਿ ਦਿੱਲੀ ਵਿੱਚ ਪੁਲਸ ਫਿਰਕੂ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਇਹ ਗੱਲ ਇਸ ਦੀ ਗਵਾਹ ਹੈ ਕਿ ਦਿੱਲੀ ਪੁਲਸ 'ਚ ਪ੍ਰੇਸ਼ਾਨੀ ਹੈ, ਜੋ ਇਸ ਨੂੰ ਪ੍ਰਭਾਵਤ ਕਰ ਰਹੀ ਹੈ। ਮੌਜੂਦਾ ਪੁਲਸ ਕਮਿਸ਼ਨਰ ਅਮੂਲਯ ਪਟਨਾਇਕ ਬਾਰੇ ਸ਼ਰਮਾ ਨੇ ਕਿਹਾ ਕਿ ਉਨ੍ਹਾਂ ਨੇ ਔਖੀ ਪ੍ਰੀਖਿਆ ਨੂੰ ਝੱਲਿਆ ਹੈ, ਪਰ ਸਫਲ ਨਹੀਂ ਹੋਏ। ਪੁਲਸ ਲੀਡਰਸ਼ਿਪ ਬਾਰੇ ਬੋਲਦੇ ਹੋਏ ਉਨ੍ਹਾਂ ਕਿਹਾ ਕਿ ਇੰਝ ਜਾਪਦਾ ਹੈ ਕਿ ਪੁਲਸ ਕੋਲ ਨੈਤਿਕ ਚਰਿੱਤਰ ਦੀ ਘਾਟ ਹੈ। ਸ਼ਰਮਾ ਨੇ ਐੱਨ ਐੱਸ ਏ ਡੋਭਾਲ ਦੀ ਗੱਲ ਨੂੰ ਮੰਨਿਆ ਕਿ ਲੋਕ ਵਰਦੀਧਾਰੀ ਲੋਕਾਂ 'ਤੇ ਭਰੋਸਾ ਨਹੀਂ ਕਰਦੇ। ਪੁਲਸ ਨੇ ਜਾਮੀਆ ਅਤੇ ਜੇ ਐਨ ਯੂ ਵਿੱਚ ਸਹੀ ਢੰਗ ਨਾਲ ਸਥਿਤੀ ਨਾਲ ਨਹੀਂ ਨਜਿੱਠਿਆ।

ਪਿਛਲੇ ਦਿਨ ਦਿੱਲੀ ਪੁਲਸ ਲਈ ਔਖੇ ਸਮੇਂ ਵਾਲੇ ਸਨ। ਉਨ੍ਹਾਂ ਕਿਹਾ ਕਿ ਪੁਲਸ ਨੂੰ ਸਿਆਸੀ ਦਖਲ ਅੰਦਾਜ਼ੀ ਤੋਂ ਵੱਖ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਰਾਇ 'ਚ ਮੁੱਖ ਮੰਤਰੀ ਨੂੰ ਆਪਣੇ ਚਹੇਤਿਆਂ ਦੀ ਡੀ ਜੀ ਪੀ ਦੇ ਅਹੁਦੇ 'ਤੇ ਨਿਯੁਕਤੀ ਨਹੀਂ ਕਰਨੀ ਚਾਹੀਦੀ। ਦੂਜੀ ਗੱਲ ਇਹ ਹੈ ਕਿ ਹਰੇਕ ਪੁਲਸ ਅਧਿਕਾਰੀ ਦਾ ਇੱਕ ਨਿਸ਼ਚਿਤ ਕਾਰਜਕਾਲ ਹੋਣਾ ਚਾਹੀਦਾ ਹੈ, ਜਿਸ ਨੂੰ ਕਿ ਕੁਝ ਵਿਸ਼ੇਸ਼ ਕਾਰਨਾਂ ਕਰ ਕੇ ਛੋਟਾ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਜੇ 2006 'ਚ ਸੁਪਰੀਮ ਕੋਰਟ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਨੂੰ ਸਹੀ ਅਤੇ ਅਸਰ ਦਾਇਕ ਢੰਗ ਨਾਲ ਲਾਗੂ ਕੀਤਾ ਹੁੰਦਾ ਤਾਂ ਪੁਲਸ ਬਲ ਦੀ ਸੁਤੰਤਰਤਾ 'ਚ ਇੱਕ ਵੱਡੀ ਤਬਦੀਲੀ ਆਈ ਹੁੰਦੀ।

ਪੁਲਸ ਨੂੰ ਸਿਆਸੀ ਸਮਰਥਨ ਨਹੀਂ ਚਾਹੀਦਾ ਤੇ ਉਸ ਦੀ ਟਰੇਨਿੰਗ ਵੀ ਸਹੀ ਹੋਣੀ ਚਾਹੀਦੀ ਹੈ। ਸਭ ਤੋਂ ਅਹਿਮ ਗੱਲ ਇਹ ਹੈ ਕਿ ਸਥਾਨਕ ਪੁਲਸ ਥਾਣਿਆਂ 'ਚ ਤੈਨਾਤ ਪੁਲਸ ਕਾਂਸਟੇਬਲਾਂ ਨਾਲ ਹੀ ਲੋਕਾਂ ਦਾ ਪਹਿਲਾ ਸੰਬੰਧ ਹੁੰਦਾ ਹੈ। ਉਨ੍ਹਾਂ ਨੂੰ ਸਹੀ ਢੰਗ ਨਾਲ ਸਿਖਿਅਤ ਅਤੇ ਟ੍ਰੇਂਡ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਉਹ ਦੋਸਤਾਨਾ ਸਲੂਕ ਨਾਲ ਲੋਕਾਂ ਨਾਲ ਪੇਸ਼ ਆਉਣ। ਇਸ ਦੀ ਤੁਲਨਾ 'ਚ ਉਨ੍ਹਾਂ ਨੇ ਬ੍ਰਿਟਿਸ਼ ਪੁਲਸ ਮੁਲਾਜ਼ਮਾਂ ਦੀ ਉਦਾਹਰਣ ਦਿੱਤੀ, ਜਿਨ੍ਹਾਂ ਨੂੰ ਬਾਬੀਜ਼ ਕਿਹਾ ਜਾਂਦਾ ਹੈ, ਜਦ ਕਿ ਭਾਰਤੀ ਪੁਲਸ ਮੁਲਾਜ਼ਮਾਂ ਨੂੰ ਸ਼ੱਕ ਅਤੇ ਡਰ ਦੀ ਨਿਗ੍ਹਾ ਨਾਲ ਦੇਖਿਆ ਜਾਂਦਾ ਹੈ।

AIRMORE Heating & Air Conditioning Experts

Sales - Service - Installation
Residential / Commercial

ਅਸੀਂ ਕਿਸੇ ਵੀ ਕੰਪਨੀ ਦੇ ਬਣੇ ਫਰਨਾਂਸ, ਏਅਰ ਕੰਡੀਸ਼ਨਰ ਪਾਣੀ ਦਾ ਹੀਟਰ, ਹੁਮੀਡੀਫਾਇਰ, ਰੁਫਟਾਪ, ਯੂਨੀਟ ਹੀਟਰ ਅਤੇ ਹੋਰ ਬਹੁਤ ਕੁਝ ਨੂੰ ਠੀਕ ਕਰਦੇ ਹਾਂ

Call us 24x7: 647-526-6115



WATNO PAAR Punjabi

Printed In Canada


ਵਤਨੋਂ ਪਾਰ ਪੰਜਾਬੀ

www.watnopaar.ca 905-673-3000 watnopaar@gmail.com

GLORIOUS 18 YEARS OF SUCCESS

A Name of Quality & Quantity

Watno Paar Punjabi



BOOK YOUR AD FOR
2020 WATNO PAAR PUNJABI DIRECTORY

18 GLORIOUS YEARS OF SUCCESS

WE ARE THE #1 CHOICE OF SOUTH ASIAN COMMUNITY IN GTA

Directory Releases Every Year From Last 18 Years

Watnopaar Punjabi Directory is also available online

www.watnopaar.ca | app : watnopaarpunjabi

ANDROID APP ON Google play

ALL PAGES ARE FULLY COLORED

PRESTIGIOUS GLOSSY PAGES $1000 PER PAGE
WITH ONE REGULAR PAGE FREE

REGULAR FULL PAGE $500 PER PAGE

FRONT, BACK, FRONT INNER, BACK INNER, SPINE, BOTTOM LINE (EVERY PAGE), UPPER LINE (EVERY PAGE)
AVAILABLE ON EARLY REQUEST (ASK FOR DETAILS)

Design & Photography Totally Free

www.watnopaar.ca | watnopaar@gmail.com

Contact: 647-893-3600, 905-799-2000, 905-673-3000
7071, Airport Road, #212, Mississauga, ON L4T 4J3

# ਗੁਰਦੁਆਰਾ ਪਹਿਲੀ ਪਾਤਿਸ਼ਾਹੀ, ਕਟਾਸ ਜ਼ਿਲਾ ਚੱਕਵਾਲ



ਕਟਾਸ ਹਿੰਦੂਆਂ ਦਾ ਇੱਕ ਬਹੁਤ ਹੀ ਪਵਿੱਤਰ ਅਸਥਾਨ ਹੈ । ਇਹ ਅਸਥਾਨ ਚੋਆ ਸੋਦਨ ਸ਼ਾਹ, ਜ਼ਲਿਾ ਚੱਕਵਾਲ ਤੋਂ ਉੱਤੇ ਪਹਾੜੀ ਉੱਤੇ ਕੋਈ ਛੇ ਕਿਲੋਮੀਟਰ ਹੈ। ਇਸ ਅਸਥਾਨ ਦਾ ਜ਼ਕਿਰ ਸਾਨੂੰ ਮਹਾਂਭਾਰਤ ਵਿੱਚ ਵੀ ਮਿਲਦਾ ਹੈ । ਹਿੰਦੂ ਵਿਸ਼ਵਾਸ਼ ਅਨੁਸਾਰ ਕਟਾਸ ਅਤੇ ਪੁਸ਼ਕਰ "ਅਜਮੇਰ" ਦੋਵੇਂ ਸ਼ਿਵ ਜੀ ਦੀਆ ਅੱਖਾਂ ਹਨ। ਇੱਥੇ ਹੀ ਪਾਰਸ ਨਾਥ ਜੋਗੀ ਨੇ ਪ੍ਰਾਣ ਤਿਆਗੇ । ਇੱਥੇ ਹੀ ਸਤਿਗੁਰੂ ਨਾਨਕ ਦੇਵ ਜੀ ਨੇ ਚਰਨ ਪਾਏ । ਆਪ ਪਹਿਲੀ ਵਿਸਾਖ ਨੂੰ ਕਟਾਸ ਆਏ । ਆਪ ਦੇ ਅਸਥਾਨ ਨੂੰ ਨਾਨਕ ਨਿਵਾਸ ਆਖਿਆ ਜਾਂਦਾ ਸੀ। ਇੱਥੇ ਬਹੁਤ ਸਾਰੇ ਜੋਗੀਆਂ, ਰਿਸ਼ੀਆਂ, ਮੁਨੀਆਂ ਨੇ ਤੱਪ ਕੀਤਾ ਹੈ, ਜਿਹਨਾਂ ਦੇ ਅਸਥਾਨ ਬਣੇ ਹੋਏ ਹਨ । ਇਹਨਾਂ ਥਾਵਾਂ ਉੱਤੇ ਤਖਤੀਆ ਨਾਂ ਲੱਗੀਆ ਹੋਣ ਕਰਕੇ ਇਹਨਾਂ ਥਾਵਾਂ ਨੂੰ ਵੱਖ ਵੱਖ ਕਰਨਾ ਬਹੁਤ ਹੀ ਔਖਾ ਹੈ । . ਇਹ ਅਸਥਾਨ ਇਸ ਪੱਖੋਂ ਵੀ ਇਤਿਹਾਸਕ ਹੈ ਕਿ ਇੱਥੇ ਬਹਿ ਕੇ ਅੱਬੂ ਰਿਹਾਨ ਅਲਬੈਰੂਨੀ ਨੇ ਜ਼ਮੀਨ ਦਾ ਘੇਰਾ ਨਾਪਿਆ । ਇੱਥੇ ਹੀ ਉਹਨੇ ਸੰਸਕ੍ਰਿਤ ਵਿਦਿਆ ਲਈ ਤੇ ਫਿਰ ਜਗਤ ਪ੍ਰਸਿੱਧ ਪੁਸਤਕ " ਕਿਤਾਬ-ਉਲ-ਹਿੰਦ " ਲਿਖੀ । ਹੁਣ ਵੀ ਹਰ ਸਾਲ ਹਿੰਦੂ ਯਾਤਰੀਆਂ ਦਾ ਇੱਕ ਜਥਾ ਭਾਰਤ ਤੋਂ ਦਰਸ਼ਨਾਂ ਤੇ ਪੂਜਾ ਪਾਠ ਵਾਸਤੇ ਆਉਂਦਾ ਹੈ । ਇਸ ਤਵਾਰੀਖੀ ਅਸਥਾਨ ਦੇ ਨਿਸ਼ਾਨ ਸਰਕਾਰੀ ਅਣਗਹਿਲੀ ਕਰਕੇ ਮਿਟਦੇ ਜਾ ਰਹੇ ਹਨ ਜੋ ਕਿ ਇੱਕ ਬਹੁਤ ਹੀ ਵੱਡਾ ਤਵਾਰੀਖੀ ਜ਼ੁਲਮ ਹੈ ।

# ਖਾ ਲਈ ਨਸ਼ਿਆਂ ਨੇ..

-ਸੁਖਦੇਵ ਮਾਦਪੁਰੀ

ਪੰਜਾਬ ਦੇ ਪਿੰਡਾਂ ਵਿੱਚ ਆਮ ਤੌਰ 'ਤੇ ਸ਼ਰਾਬ ਨੂੰ ਦਾਰੂ ਆਖਦੇ ਹਨ। ਦਾਰੂ ਫ਼ਾਰਸੀ ਦਾ ਸ਼ਬਦ ਹੈ ਜੋ ਦਵਾ ਦਾਰੂ, ਦਵਾਈ-ਬੂਟੀ ਅਤੇ ਔਸ਼ਧੀ ਲਈ ਵਰਤਿਆਂ ਜਾਂਦਾ ਹੈ। ਤਿੰਨ ਚਾਰ ਦਹਾਕੇ ਪਹਿਲਾਂ ਪੰਜਾਬ ਦੇ ਲੋਕ ਜੀਵਨ ਵਿੱਚ ਸ਼ਰਾਬ ਦੀ ਵਰਤੋਂ ਬਹੁਤ ਘੱਟ ਹੁੰਦੀ ਸੀ। ਸ਼ਰਾਬ ਪੀਣ ਦੇ ਸ਼ੌਕੀਨ ਆਮ ਤੌਰ 'ਤੇ ਮੇਲਿਆਂ-ਮਸਾਹਵਿਆਂ, ਲੋਹੜੀ, ਦੀਵਾਲੀ ਅਤੇ ਵਿਆਹ ਦੇ ਮੌਕੇ ਮੁੰਡੇ ਦੇ ਜਨਮ ਦੀ ਖ਼ੁਸ਼ੀ 'ਚ ਅਤੇ ਵਿਆਹ ਦੇ ਮੌਕੇ 'ਤੇ ਥੋੜ੍ਹੀ ਜਿਹੀ ਪੀ ਕੇ ਮਸਤੀ ਕਰਦੇ ਸਨ। ਹਾੜ੍ਹੀ ਵੱਢਣ ਸਮੇਂ ਕਿਸਾਨ ਥਕੇਵਾਂ ਲਾਹੁਣ ਲਈ ਆਥਣੇ ਦਾਰੂ ਦਾ ਇੱਕ ਅਧ ਹਾੜਾ ਲਾ ਲੈਂਦੇ ਸਨ। ਪਿੰਡਾਂ ਵਿੱਚ ਦੇਸੀ ਸ਼ਰਾਬ ਦੇ ਠੇਕੇ ਨਾਂਮਾਤਰ ਹੀ ਸਨ। ਸ਼ਰਾਬ ਆਮ ਕਰਕੇ ਘਰ ਦੀ ਕੱਢੀ ਹੋਈ 'ਰੂੜੀ ਮਾਰਕਾ' ਪੀਣ ਦਾ ਰਿਵਾਜ ਸੀ। ਜਦੋਂ ਕਦੇ ਕਿਸੇ ਦੇ ਘਰ ਪ੍ਰਾਹੁਣਾ ਆਉਣਾ ਤਾਂ ਉਸ ਦੀ ਸੇਵਾ ਦੀ ਦਾਰੂ ਪਿਲਾ ਕੇ ਕੀਤੀ ਜਾਂਦੀ ਸੀ। ਦਾਰੂ ਪੀਣ ਬਾਰੇ ਕਈ ਵਰਜਣਾਂ/ ਮਨਾਹੀਆਂ ਵੀ ਸਨ। ਪਿਉ-ਪੁੱਤ, ਸਹੁਰਾ-ਜੁਆਈ ਇਕੱਠੇ ਬੈਠ ਕੇ ਨਹੀਂ ਸੀ ਪੀਂਦੇ। ਔਰਤਾਂ ਤੇ ਬੱਚਿਆਂ ਨੂੰ ਸ਼ਰਾਬ ਪੀਣ ਦੀ ਮਨਾਹੀ ਸੀ। ਕੁੜੀ ਦੇ ਵਿਆਹ 'ਤੇ ਬਰਾਤ ਨੂੰ ਕੁੜੀ ਵਾਲਿਆਂ ਵੱਲੋਂ ਸ਼ਰਾਬ ਨਹੀਂ ਸੀ ਪਿਆਈ ਜਾਂਦੀ। ਇਨ੍ਹਾਂ ਵਰਜਣਾਂ ਦੇ ਹੁੰਦੇ ਹੋਏ ਵੀ ਸ਼ਰਾਬ ਤੇ ਹੋਰ ਨਸ਼ੇ ਲੁਕਵੇਂ ਰੂਪ ਵਿੱਚ ਪੰਜਾਬੀਆਂ ਦੀ ਆਰਥਿਕਤਾ ਤੇ ਪਰਵਾਰਕ ਜੀਵਨ ਨੂੰ ਪ੍ਰਭਾਵਿਤ ਕਰਦੇ ਸਨ। ਅਜੋਕੇ ਸਮੇਂ ਵਿੱਚ ਨਸ਼ਿਆਂ ਦੀ ਹੋੜ ਨੇ ਪੰਜਾਬ ਦੀ ਜੁਆਨੀ ਨੂੰ ਕਿਸੇ ਪਾਸੇ ਜੋਗੀ ਵੀ ਨਹੀਂ ਰਹਿਣ ਦਿੱਤਾ।

ਲੋਕ ਗੀਤ ਜਨ ਸਾਧਾਰਨ ਦੇ ਹਾਵਾਂ-ਭਾਵਾਂ, ਗ਼ਮੀਆਂ-ਖ਼ੁਸ਼ੀਆਂ, ਉਮੰਗਾਂ ਅਤੇ ਉਦਗਾਰਾਂ ਦੀ ਤਰਜ਼ਮਾਨੀ ਹੀ ਨਹੀਂ ਕਰਦੇ, ਉਨ੍ਹਾਂ ਦੇ ਜੀਵਨ ਵਿੱਚ ਵਾਪਰਦੇ ਆਰਥਿਕ, ਸਮਾਜਿਕ ਤੇ ਸੱਭਿਆਚਾਰਕ ਵਰਤਾਰਿਆਂ ਦੀ ਗਾਥਾ ਨੂੰ ਵੀ ਬਿਆਨ ਕਰਦੇ ਹਨ। ਲੋਕ ਗੀਤ ਜ਼ੋਰੀਂ ਨਹੀਂ ਰਚੇ ਜਾਂਦੇ, ਇਹ ਆਬਸ਼ਾਰਾਂ ਆਪ ਮੁਹਾਰੇ ਹੀ ਵਹਿ ਤੁਰਦੀਆਂ ਹਨ। ਪੰਜਾਬ ਦੀਆਂ ਮੁਟਿਆਰਾਂ ਨੇ ਸ਼ਰਾਬੀ, ਨਸ਼ੇਈ ਅਤੇ ਵੈਲੀ ਪਤੀਆਂ ਹੱਥੋਂ ਜਿਹੜਾ ਸੰਤਾਪ ਭੋਗਿਆ ਹੈ, ਉਸ ਸੰਤਾਪ ਦੀ ਗਾਥਾ ਨੂੰ ਉਨ੍ਹਾਂ ਨੇ ਵੇਦਨਾਤਮਕ ਸੁਰ ਵਾਲੇ ਅਨੇਕਾਂ ਲੋਕ ਗੀਤਾਂ ਰਾਹੀਂ ਬਿਆਨ ਕੀਤਾ ਹੈ। ਮੌਜ਼ ਮਸਤੀ 'ਚ ਝੂਮਦੇ, ਬਾਘੀਆਂ ਪਾਉਂਦੇ, ਬੱਕਰੇ ਬੁਲਾਉਂਦੇ, ਲੜਾਈਆਂ ਲੜਦੇ ਤੇ ਨੱਚਦੇ ਗਾਉਂਦੇ ਗੱਭਰੂਆਂ ਦੇ ਦ੍ਰਿਸ਼ ਵੀ ਇਨ੍ਹਾਂ ਵਿੱਚ ਮੌਜੂਦ ਹਨ। ਕੋਈ ਗੱਭਰੂ ਦਾਰੂ ਪੀ ਕੇ ਲਲਕਾਰੇ ਮਾਰਦਾ ਹੋਇਆ ਆਪਣੀ ਪਛਾਣ ਦਰਸਾਉਂਦਾ ਹੈ:

ਜੇ ਜੱਟੀਏ ਮੇਰਾ ਪਿੰਡ ਨੀਂ ਜਾਣਦੀ<br>
ਪਿੰਡ ਨਾਨੋਵਾਲ ਕਕਰਾਲਾ<br>
ਜੇ ਜੱਟੀਏ ਮੇਰਾ ਘਰ ਨੀਂ ਜਾਣਦੀ<br>
ਖੂਹ ਆ ਤੂਤਾਂ ਵਾਲਾ<br>
ਜੇ ਜੱਟੀਏ ਮੇਰਾ ਨਾਉਂ ਨੀਂ ਜਾਣਦੀ<br>
ਨਾਉਂ ਮੇਰਾ ਦਰਬਾਰਾ<br>
ਸੁਣ ਜੱਟੀਏ ਲਲਕਾਰਾ

ਸ਼ਰਾਬ ਦੀ ਮਸਤੀ ਵਿੱਚ ਮੇਲਿਆਂ ਮਸਾਹਵਿਆਂ 'ਤੇ ਕੀਤੀਆਂ ਖਰਸਤੀਆਂ ਤੇ ਲੜਾਈਆਂ ਭੜਾਈਆਂ ਦਾ ਜ਼ਿਕਰ ਕਈ ਗੀਤਾਂ 'ਚ ਆਇਆ ਹੈ। ਜਿਹੜੇ ਗੱਭਰੂ ਸ਼ਰਾਬ ਪੀਣ ਦੀ ਆਦਤ ਦੇ ਸ਼ਿਕਾਰ ਹੋ ਜਾਂਦੇ ਹਨ, ਉਹ ਕਾਸੇ ਜੋਗੇ ਨਹੀਂ ਰਹਿੰਦੇ। ਉਨ੍ਹਾਂ ਦੀ ਜਵਾਨੀ ਉਨ੍ਹਾਂ ਦਾ ਸਾਥ ਨਹੀਂ ਦਿੰਦੀ। ਜਦੋਂ ਕਦੇ ਅਜਿਹੇ ਨਿੱਤ ਦੇ ਸ਼ਰਾਬੀ ਬੰਦੇ ਦਾ ਵਿਆਹ ਮੁਕਲਾਵਾ ਹੋ ਜਾਵੇ ਤਾਂ ਪੰਜਾਬ ਦੀ ਲੋਕ ਆਤਮਾ ਉਸ ਨਾਲ ਵਿਆਹੀ ਨਾਜ਼ੁਕ ਜਿਹੀ ਨਾਰ ਦੀ ਹੋਣੀ 'ਤੇ ਹੰਝੂ ਕੇਰਦੀ ਹੈ:

ਸੁਖਾਨੰਦ ਦੇ ਦੋ ਮੁੰਡੇ ਸੁਣੀਂਦੇ<br>
ਬਹੁਤੀ ਪੀਂਦੇ ਦਾਰੂ<br>
ਘੋੜੀ ਮਗਰ ਵਛੇਰੀ ਸੋਂਹਦੀ<br>
ਬੋਤੀ ਮਗਰ ਬਤਾਰੂ<br>
ਕਣਕਾਂ ਰੋਜ਼ ਦੀਆਂ<br>
ਛੋਲੇ ਬੀਜ ਲੈ ਮਾਰੂ<br>
ਏਸ ਪਟੋਲ੍ਹੇ ਨੂੰ<br>
ਕੀ ਮੁਕਲਾਵਾ ਤਾਰੂ

ਕਈ ਵਾਰ ਮਾਪੇ ਜਾਣਦੇ ਹੋਵੇ ਵੀ ਵੱਡੇ ਘਰ ਦੇ ਲਾਲਚ ਵਿੱਚ ਆ ਕੇ ਆਪਣੀ ਮਲੂਕ ਜਿਹੀ ਧੀ ਨੂੰ ਕਿਸੇ ਸ਼ਰਾਬੀ ਦੇ ਲੜ ਲਾ ਦਿੰਦੇ ਹਨ। ਉਨ੍ਹਾਂ ਦੀ ਸੋਚ ਹਾਂ ਪੱਖੀ ਹੁੰਦੀ ਹੈ। ਉਸ ਸਮਝਦੇ ਹਨ ਕਿ ਵਿਆਹ ਤੋਂ ਬਾਅਦ ਜ਼ਿੰਮੇਵਾਰੀ ਪੈਣ 'ਤੇ ਮੁੰਡਾ ਆਪੇ ਸੁਧਾਰ ਜਾਵੇਗਾ, ਪਰ ਸੁਧਰਨ ਦੀ ਥਾਂ ਧੀ ਨੂੰ ਜਿਹੋ ਜਿਹਾ ਜੀਵਨ ਬਣਾਉਣਾ ਪੈਂਦਾ ਹੈ, ਉਸ ਬਾਰੇ ਉਹ ਗਿੱਧੇ ਦੇ ਪਿੜ ਵਿੱਚ ਆਪਣੇ ਮਾਪਿਆਂ ਨੂੰ ਉਲਾਂਭਾ ਦਿੰਦੀ ਹੈ:

ਸੁਣ ਵੇ ਤਾਇਆ<br>
ਸੁਣ ਵੇ ਚਾਚਾ<br>
ਸੁਣ ਵੇ ਬਾਬਲ ਲੋਭੀ<br>
ਦਾਰੂ ਪੀਣੇ ਨੂੰ<br>
ਮੈਂ ਕੂੰਜ ਕਿਉਂ ਡੋਬੀ

ਮਾਪਿਆਂ ਨੇ ਫਰਜ਼ ਪੂਰਾ ਕਰ ਦਿੱਤਾ, ਕੁੜੀ ਵਿਆਹ ਦਿੱਤੀ, ਅੱਗੇ ਕੁੜੀ ਦੇ ਭਾਗ। ਕੂੰਜ ਕੁਰਲਾਉਂਦੀ ਰਹਿੰਦੀ ਹੈ। ਆਪਣੇ ਸ਼ਰਾਬੀ ਪਤੀ ਅੱਗੇ ਵਾਸਤੇ ਪਾਉਂਦੀ ਹੈ। ਦਾਰੂ ਦਾ ਪਿਆਲਾ ਭੰਨਣ ਦੀ ਕੋਸ਼ਿਸ਼ ਕਰਦੀ ਹੈ, ਪਰ ਅੱਗੋਂ ਛੱਡਣ ਦਾ ਡਰ ਅਤੇ ਮਜਬੂਰੀਆਂ:

ਦਾਰੂ ਪੀਤਿਆਂ ਸਿੰਘਾ ਤੈਨੂੰ ਕੀ ਵਡਿਆਈ<br>
ਭਲਾ ਜੀ ਤੇਰੇ ਮੁਖ ਪਰ ਜਰਦੀ ਆਈ<br>
ਦਾਰੂ ਪੀਤਿਆਂ ਨਾਜੋ ਸਭ ਵਡਿਆਈ<br>
ਭਲਾ ਨੀਂ ਮੇਰੇ ਨੈਣਾਂ ਦੀ ਜੋਤ ਸਵਾਈ<br>
ਭੰਨਾਂ ਪਿਆਲਾ, ਭੰਨ ਟੁਕੜੇ ਜੀ ਕਰਦਾ<br>
ਭਲਾ ਜੀ ਤੇਰੀ ਦਾਰੂ ਦੀ ਅਲਖ ਮੁਕਾਈ<br>
ਤੈਨੂੰ ਵੀ ਛੋਡਾਂ ਨਾਜੋ ਹੋਰ ਵਿਆਹਾਂ<br>
ਭਲਾ ਨੀਂ ਜਿਹੜੀ ਭਰੇ ਪਿਆਲਾ ਦਾਰੂ ਦਾ<br>
ਮੈਨੂੰ ਨਾ ਛੋਡੀਂ ਸਿੰਘਾ ਹੋਰ ਨਾ ਵਿਆਹੀਂ<br>
ਭਲਾ ਜੀ ਤੇਰੇ ਪਿਆਲੇ ਦੀ ਜੜਤ ਜੜਾਈਂ

ਔਰਤ ਦੇ ਦਰਦ ਨੂੰ ਭਲਾ ਕੌਣ ਮਹਿਸੂਸੇ, ਖਬਰੇ ਪਤੀ ਅਗਲੀ ਨੂੰ ਬਾਹੋਂ ਫੜ ਕੇ ਦਰੋਂ ਬਾਹਰ ਕਰ ਦਿੰਦੇ ਹਨ:

ਘਰ ਛੱਡਦੇ ਕਮਜਾਤੇ ਮੇਰਾ ਸ਼ਰਾਬੀ ਦਾ

ਉਹ ਆਪਣੀ ਸੱਸ ਅੱਗੇ ਸ਼ਰਾਬੀ ਪਤੀ ਦੇ ਦੁੱਖੜੇ ਰੋਂਦੀ ਤੇ ਸਮਝਾਉਣ ਲਈ ਤਰਲੇ ਪਾਉਂਦੀ ਹੈ:

ਸਮਝਾ ਲੈ ਬੁੜ੍ਹੀਏ ਆਪਣੇ ਪੁੱਤ ਨੂੰ<br>
ਨਿੱਤ ਠੇਕੇ ਇਹ ਜਾਂਦਾ<br>
ਭਰ ਭਰ ਪੀਵੇ ਜਾਮ ਪਿਆਲੇ<br>
ਫੀਮ ਬੁਰਕੀਏਂ ਖਾਂਦਾ<br>
ਘਰ ਦੀ ਸ਼ੱਕਰ ਬੂਰੇ ਵਰਗੀ<br>
ਗੁੜ ਚੋਰੀ ਦਾ ਖਾਂਦਾ<br>
ਲੱਗਿਆ ਇਸ਼ਕ ਬੁਰਾ<br>
ਬਿਨ ਪੌੜੀ ਚੜ੍ਹ ਜਾਂਦਾ

ਇੱਕ ਕਿਸਾਨ ਕੋਲ ਓਨੀ ਕੁ ਜ਼ਮੀਨ ਮਸੀਂ ਹੁੰਦੀ ਹੈ, ਜਿਸ ਦੀ ਆਮਦਨ ਨਾਲ ਘਰ ਦਾ ਗੁਜ਼ਾਰਾ ਤੋਰ ਸਕੇ। ਫ਼ਸਲ ਨਾਲ ਕਈ ਵਾਰੀ ਮਾਮਲੇ ਹੀ ਤੁਰਦੇ ਹਨ। ਸ਼ਰਾਬੀ ਜੱਟ ਦੀ ਨਿਗਾਹ ਰੁਪਏ ਖ਼ਤਮ ਹੋਣ 'ਤੇ ਵਹੁਟੀ ਦੇ ਗਹਿਣਿਆਂ 'ਤੇ ਆ ਟਿਕਦੀ ਹੈ। ਉਹ ਆਪਣਾ ਦੁੱਖ ਆਪਣੀ ਮਾਂ ਅੱਗੇ ਫੋਲਦੀ ਹੈ:

ਸੱਗੀ ਮੰਗਦਾ ਮਾਏਂ<br>
ਫੁੱਲ ਮੰਗਦਾ ਨਾਲੇ<br>
ਨਾਲੇ ਮੰਗਦਾ ਮਾਏਂ<br>
ਅਧੀਆ ਸ਼ਰਾਬ ਦਾ<br>
ਸੱਗੀ ਦੇ ਦੇ ਧੀਏ<br>
ਫੁਲ ਦੇ ਦੇ ਨਾਲੇ<br>
ਮੱਥੇ ਮਾਰ ਧੀਏ ਠੇਕੇਦਾਰ ਦੇ

ਸ਼ਰਾਬ ਦੀਆਂ ਪਿਆਲੀਆ ਜਿੱਥੇ ਜ਼ਮੀਨ ਜਾਇਦਾਦ ਨੂੰ ਡਕਾਰ ਜਾਂਦੀਆਂ ਹਨ, ਉਥੇ ਆਪਣੇ ਪਰਵਾਰ ਨੂੰ ਵੀ ਰੋਲ ਕੇ ਰੱਖ ਦਿੰਦੀਆਂ ਹਨ, ਔਰਤ ਦੇ ਅੰਦਰਲਾ ਵੀ ਹਾਰ ਜਾਂਦਾ ਹੈ, ਸਤਿਆ ਸੂਤੀ ਜਾਂਦੀ ਹੈ:

ਕੀਹਦੇ ਹੌਸਲੇ ਲੰਬਾ ਤੰਦ ਪਾਵਾਂ<br>
ਪੁੱਤ ਤੇਰਾ ਵੈਲੀ ਸੱਸੀਏ

ਆਖ਼ਰ ਅਜਿਹੇ ਸ਼ਰਾਬੀ ਪਤੀ ਦੀ ਪਤਨੀ ਆਪਣੇ ਐਬੀ ਪਤੀ ਤੋਂ ਛੁਟਕਾਰਾ ਪਾਉਣ ਲਈ ਮਜਬੂਰ ਹੋ ਜਾਂਦੀ ਹੈ। ਕਿੰਨੀ ਕਸਕ ਹੈ ਇਨ੍ਹਾਂ ਬੋਲਾਂ ਵਿੱਚ:

ਕਦੇ ਨਾ ਪਹਿਨੇ ਤੇਰੇ ਸੂਹੇ ਵੇ ਸੋਸਨੀ<br>
ਕਦੇ ਨਾ ਪਹਿਲੇ ਤਿੰਨੇ ਕੱਪੜੇ<br>
ਵੇ ਮੈਂ ਕਿੱਕਣ ਵੱਸਾਂ<br>
ਖਾਂਦਾ ਨਿੱਤ ਬੱਕਰੇ

ਉਹ ਸ਼ਰਾਬੀ ਪਤੀ ਨੂੰ ਸਮਝਾਉਂਦੀ ਵੀ ਹੈ:

ਛੱਡਦੇ ਵੈਲਦਾਰੀਆਂ<br>
ਨਹੀਂ ਲੰਘਣੇ ਘਰਾਂ ਦੇ ਲਾਂਘੇ

ਸ਼ਰਾਬ ਦੀ ਪਿਆਲੀ ਕੇਵਲ ਵਸਦੇ ਰਸਦੇ ਘਰ ਦਾ ਹੀ ਉਜਾੜਾ ਨਹੀਂ ਕਰਦੀ, ਬਲਕਿ ਸ਼ਰਾਬੀ ਦੇ ਸਰੀਰ ਨੂੰ ਵੀ ਗ਼ਾਲ ਦਿੰਦੀ ਹੈ:

ਖਾ ਲੀ ਨਸ਼ਿਆਂ ਨੇ<br>
ਚੰਦਨ ਵਾਰੀ ਦੇਹੀ

ਕੋਈ ਵੀ ਮੁਟਿਆਰ ਇਹ ਨਹੀਂ ਚਾਹੁੰਦੀ ਕਿ ਉਸਦਾ ਗੱਭਰੂ ਨਿਕੰਮਾ, ਸ਼ਰਾਬੀ ਤੇ ਐਬੀ ਹੋਵੇ। ਇਸ ਲਈ ਉਹ ਮੁਟਿਆਰ ਸ਼ਰਾਬੀ ਗੱਭਰੂ ਦੇ ਹੱਥ ਆਪਣੇ ਰਾਂਗਲੇ ਲੜ ਨੂੰ ਛੂਹਣ ਨਹੀਂ ਦਿੰਦੀ:

ਬੀਬਾ ਵੇ ਬਾਗ਼ ਲਵਾਨੀਆਂ ਪੰਜ ਬੂਟੇ<br>
ਹੁਣ ਦੇ ਗੱਭਰੂ ਸਭ ਝੂਠੇ<br>
ਛੋਡ ਸ਼ਰਾਬੀਆ ਲੜ ਮੇਰਾ<br>
ਅਸਾਂ ਨਾ ਦੇਖਿਆ ਘਰ ਤੇਰਾ<br>
ਨੈਣਾਂ ਦੇ ਮਾਮਲੇ ਘੇਰੀਆਂ ਵੇ<br>
ਬਾਗ਼ ਵੇ ਲਵਾਨੀਆਂ ਪੰਜ ਦਾਣਾ<br>
ਐਸ ਜਹਾਨੋਂ ਕੀ ਲੈ ਜਾਣਾ<br>
ਛੋਡ ਸ਼ਰਾਬੀਆ ਲੜ ਮੇਰਾ<br>
ਅਸੀਂ ਨਾ ਜਾਣਦੇ ਘਰ ਤੇਰਾ<br>
ਨੈਣਾਂ ਦੇ ਮਾਮਲੇ ਘੇਰੀਆਂ ਵੇ

ਇਨ੍ਹਾਂ ਮਾਰੂ ਨਸ਼ਿਆਂ ਦਾ ਸਾਡੇ ਲੋਕ ਜੀਵਨ 'ਤੇ ਕਿੰਨਾ ਭੈੜਾ ਅਸਰ ਹੈ। ਮੁਹੱਬਤ ਦਾ ਨਸ਼ਾ ਅਜਿਹਾ ਹੈ ਜਿਸ ਨਾਲ ਸਭ ਤੋਂ ਜ਼ਿਆਦਾ ਸਰੂਰ ਆਉਂਦਾ ਹੈ। ਕਿੰਨੇ ਭਾਗਾਂ ਵਾਲੇ ਹਨ ਉਹ ਜਿਊੜੇ ਜਿਹੜੇ ਇੱਕ ਦੂਜੇ ਲਈ ਮੁਹੱਬਤ ਦਾ ਨਸ਼ਾ ਬਣ ਜਾਣ ਲਈ ਉਤਾਵਲੇ ਹਨ:

ਦੁੱਧ ਬਣ ਜਾਨੀ ਆਂ<br>
ਮਲਾਈ ਗਟ ਪੀ ਲੈ ਵੇ<br>
ਗਟਾ ਗਟ ਪੀ ਲੈ ਵੇ<br>
ਸ਼ਰਾਬ ਬਣ ਜਾਨੀ ਆਂ

ਇਸ਼ਕ ਨਾਲ ਰੱਤੇ ਸਰੀਰ ਬਿਨ੍ਹਾਂ ਪੀਤਿਆਂ ਹੀ ਖੀਵੇ ਰਹਿੰਦੇ ਹਨ:

ਹੁਸਨ ਚਿਰਾਗ ਜਿਨ੍ਹਾਂ ਦੇ ਦੀਦੇ<br>
ਉਹ ਕਿਉਂ ਬਾਲਣ ਦੀਵੇ<br>
ਇਸ਼ਕ ਜਿਨ੍ਹਾਂ ਦੇ ਹੱਡੀਂ ਰਚਿਆ<br>
ਉਹ ਬਿਨ੍ਹਾਂ ਸ਼ਰਾਬੋਂ ਖੀਵੇ।

## ਮਿੰਨੀ ਕਹਾਣੀ

### ਦਾਨਸ਼ਮੰਦੀ

-ਲਖਵੰਤ ਸਿੰਘ ਵੜੈਚ-

ਪੁਰਾਤਨ ਦੌਰ ਵਿੱਚ ਆਵਾਜਾਈ ਦਾ ਸਾਧਨ ਤਾਂਗਾ ਹੁੰਦਾ ਸੀ, ਜਿਸ 'ਤੇ ਲੋਕ ਸ਼ਹਿਰੋਂ ਪਿੰਡ ਤੇ ਪਿੰਡੋਂ ਸ਼ਹਿਰ ਆਉਂਦਾ-ਜਾਂਦੇ ਸਨ। ਪੰਜਾਬ ਦੇ ਇੱਕ ਛੋਟੇ ਜਿਹੇ ਪਿੰਡ ਵਿੱਚ ਦੋ ਕਬੀਲਿਆਂ ਦੀ ਆਪਸ ਵਿੱਚ ਸਿਰਵੱਢ ਦੁਸ਼ਮਣੀ ਪੈ ਗਈ ਸੀ ਤੇ ਦੋਵਾਂ ਪਾਸਿਆਂ ਤੋਂ ਇੱਕ-ਦੂਜੇ ਦਾ ਜਾਨੀ ਨੁਕਸਾਨ ਹੋ ਚੁੱਕਾ ਸੀ। ਅੱਜ ਵੀ ਦੋਵੇਂ ਧਿਰਾਂ ਪੇਸ਼ੀ ਭੁਗਤਣ ਲਈ (ਕਚਹਿਰੀ) ਸ਼ਹਿਰ ਪੁੱਜੀਆਂ ਹੋਈਆਂ ਸਨ। ਸ਼ਹਿਰ ਵਿੱਚ ਕਿਧਰੇ ਇੱਕ ਧਿਰ ਦੀਆਂ ਚਾਰ-ਪੰਜ ਔਰਤਾਂ ਵੀ ਖਰੀਦੋ-ਫਰੋਖਤ ਲਈ ਗਈਆਂ ਸਨ, ਜਿਨ੍ਹਾਂ ਦੇ ਪਰਵਾਰ ਦੇ ਪੁਰਸ਼ ਮੈਂਬਰ ਪੇਸ਼ੀ ਭੁਗਤ ਕੇ ਪਹਿਲਾਂ ਪਿੰਡ ਜਾ ਚੁੱਕੇ ਸਨ।

ਸ਼ਾਮ ਵੇਲਾ ਹੋ ਗਿਆ, ਉਹ ਵੀ ਪਿੰਡ ਪੁੱਜਣ ਲਈ ਤਾਂਗਾ ਲੈਣ ਲਈ ਤਾਂਗਾ-ਸਟੈਂਡ ਗਈਆਂ। ਸਟੈਂਡ 'ਤੇ ਸਿਰਫ ਇੱਕ ਹੀ ਅਖੀਰਲੇ ਸਮੇਂ ਜਾਣ ਵਾਲਾ ਤਾਂਗਾ ਖੜ੍ਹਾ ਸੀ ਜਿਸ 'ਤੇ ਔਰਤਾਂ ਦੀ ਦੁਸ਼ਮਣ ਧਿਰ ਦੇ ਮੁਛੋਹਿਰ ਹਥਿਆਰ ਫੜੀ ਤਾਂਗਾ ਮੱਲੀ ਬੈਠੇ ਸਨ। ਬਾਅਦ ਵਿੱਚ ਇਨ੍ਹਾਂ ਮੁਛੋਹਿਰਾਂ ਦਾ ਇੱਕ ਵੱਡਾ (ਬਜ਼ੁਰਗ) ਆ ਗਿਆ ਜਿਸ ਨੇ ਦੁਸ਼ਮਣ ਧਿਰ ਦੀਆਂ ਔਰਤਾਂ ਨੂੰ ਪਾਸੇ ਖੜ੍ਹੀਆਂ ਦੇਖ ਕੇ ਮੁੰਡਿਆਂ ਨੂੰ ਕਿਹਾ, ''ਥੱਲੇ ਉੱਤਰੋ ਓਏ, ਕੁਵੇਲਾ ਹੋ ਰਿਹੈ, ਇਨ੍ਹਾਂ ਬੀਬੀਆਂ ਨੂੰ ਪਹਿਲਾਂ ਜਾਣ ਦਿਓ। ਮੈਂ ਤੁਹਾਡੇ ਲਈ ਆਪੇ ਕੋਈ ਹੋਰ ਪ੍ਰਬੰਧ ਕਰ ਦੇਣਾ।''

ਮੁਛੋਹਿਰ ਮੁੰਡੇ ਬਜ਼ੁਰਗ ਵੱਲੋਂ ਤਾਕੀਦ ਕਰਨ 'ਤੇ ਫੋਰਨ ਤਾਂਗੇ ਤੋਂ ਹੇਠਾਂ ਉਤਰ ਆਏ ਤੇ ਤਾਂਗਾ ਖਾਲੀ ਕਰ ਦਿੱਤਾ। ਕੋਚਵਾਨ ਨੇ ਉਨ੍ਹਾਂ ਔਰਤਾਂ ਨੂੰ ਤਾਂਗੇ 'ਤੇ ਬਿਠਾ ਕੇ ਪਿੰਡ ਪੁੱਜਦਾ ਕਰ ਦਿੱਤਾ। ਔਰਤਾਂ ਨੇ ਘਰ ਪੁੱਜ ਕੇ ਇਹ ਸਾਰਾ ਮੰਜ਼ਰ ਆਪਣੇ ਘਰ ਦੇ ਮਰਦ ਮੈਂਬਰਾਂ ਨੂੰ ਸੁਣਾਇਆ।

ਸਵੇਰੇ ਹੀ ਦੂਸਰੇ ਕਬੀਲੇ (ਔਰਤਾਂ ਵਾਲੀ ਤਰਫ) ਦਾ ਇੱਕ ਬਜ਼ੁਰਗ ਆਪਣੀ ਵਿਰੋਧੀ ਧਿਰ ਦੇ ਘਰ ਆਇਆ ਤਾਂ ਆਪਣੇ ਵਿਰੋਧੀ (ਦੁਸ਼ਮਣ) ਬਜ਼ੁਰਗਾਂ ਨੂੰ ਗਲਵੱਕੜੀ ਪਾ ਲਈ ਤੇ ਕਿਹਾ, ''ਭਰਾਵਾ ਜੇ ਆਪਾਂ ਨੂੰ ਆਪਣੀਆਂ ਤ੍ਰੀਮਤਾਂ ਦੀ ਹਯਾ ਤੇ ਅਜ਼ਮਤ ਦਾ ਅੱਜ ਵੀ ਏਨਾ ਖਿਆਲ ਏ ਤੇ ਫਿਰ ਭਾਵੇਂ ਬਦਲਾ ਲੈਣ ਸਾਡਾ ਈ ਬਣਦਾ ਸੀ, ਪਰ ਤੁਹਾਡੀ ਇਸ ਦਾਨਸ਼ਮੰਦੀ ਤੋਂ ਮੁਤਾਸਰ ਹੋਇਆ ਮੈਂ ਸਭ ਵੈਰ-ਵਿਰੋਧ ਭੁਲਾ ਕੇ ਆਪਣੀ ਨਵੀਂ ਨਸਲ ਦੇ ਹਰ ਫਰਦ ਨੂੰ ਚੰਗਾ ਸੁੱਘੜ ਤੇ ਦਾਨਸ਼ਮੰਦ ਹਮਸਾਇਆ ਬਣ ਕੇ ਬਾਕੀ ਦੀ ਸਾਰੀ ਹਯਾਤੀ ਬਸਰ ਕਰਨ ਬਾਰੇ ਤਾਕੀਦ ਕੀਤੀ ਹੈ ਕਿਉਂਕਿ ਆਜ਼ਾਦੀ ਤੇ ਅਮਨ ਦੀ ਫਿਜ਼ਾ ਵਿੱਚ ਪੱਲਰੀ ਨਸਲ ਖੁਸ਼ਗਵਾਰ ਤੇ ਉਮਰ-ਦਰਾਜ ਹੁੰਦੀ ਏ ਔਰ ਨਫਰਤ ਤੇ ਦੁਸ਼ਮਣੀ ਦੇ ਸਾਏ ਹੇਠ ਹਰ ਮਨੁੱਖ ਉਮਰ ਤੋਂ ਪਹਿਲਾਂ ਬੁੱਢਾ ਤੇ ਬਿਮਾਰੀ ਵਿੱਚ ਗ੍ਰਸਿਆ ਜਾਂਦੈ, ਜੋ ਬੇਵਕਤ ਉਮਰੇ ਹੀ ਗੋਰ ਵਿੱਚ ਜਾ ਪੈਂਦਾ ਹੈ।''

ਦੋਵਾਂ ਬਜ਼ੁਰਗਾਂ ਨੇ ਦੁਸ਼ਮਣੀਆਂ ਭੁਲਾ ਕੇ ਜੱਫੀਆਂ ਪਾਈਆਂ ਹੋਈਆਂ ਸਨ, ਜਿਨ੍ਹਾਂ ਨੂੰ ਦੇਖ ਰਹੇ ਦੋਵਾਂ ਫਰੀਕਾਂ ਦੀ ਨਵੀਂ ਨਸਲ ਦੇ ਚਿਹਰੇ, ਉਗ ਰਹੇ ਸੂਰਜ ਦੀ ਸੁਨਹਿਰੀ ਧੁੱਪ ਨਾਲ ਚਮਕ ਰਹੇ ਸਨ।

# ਖਾਕੀ ਵਾਲਾ ਤੁਹਾਡੇ ਲਈ ਹੈ, ਪਰ ਤੁਹਾਡੇ ਨਾਲ ਕਦੇ ਨਹੀਂ

-ਪੂਨਮ ਆਈ ਕੌਸ਼ਿਸ਼-



ਪਿਛਲਾ ਹਫਤਾ ਇੱਕ ਭਿਆਨਕ ਹਫਤੇ ਵਜੋਂ ਯਾਦ ਕੀਤਾ ਜਾਵੇਗਾ, ਜਦੋਂ ਦਿੱਲੀ ਵਿੱਚ ਭਿਆਨਕ ਹਿੰਸਾ ਤੋਂ ਸਾਰਾ ਦੇਸ਼ ਹੈਰਾਨ ਰਹਿ ਗਿਆ। ਨਕਾਬ ਪਹਿਨੀ ਗੁੰਡਿਆਂ ਨੇ ਲੋਕਾਂ ਨੂੰ ਮਾਰਿਆ, ਉਨ੍ਹਾਂ ਦੇ ਘਰਾਂ ਅਤੇ ਦੁਕਾਨਾਂ ਨੂੰ ਸਾੜਿਆ। ਜੋ ਕੋਈ ਉਨ੍ਹਾਂ ਦੇ ਸਾਹਮਣੇ ਪਿਆ, ਉਸ ਨੂੰ ਬਰਬਾਦ ਕੀਤਾ ਅਤੇ ਪੁਲਸ ਵਾਲੇ ਇਸ ਤਾਂਡਵ ਨੂੰ ਮੂਕ ਦਰਸ਼ਕ ਬਣੇ ਦੇਖਦੇ ਰਹੇ, ਜਿਵੇਂ ਉਨ੍ਹਾਂ ਨੇ ਇਸ ਤੋਂ ਪਹਿਲਾਂ ਨਾਗਰਿਕਤਾ ਸੋਧ ਕਾਨੂੰਨ ਦੇ ਵਿਰੁੱਧ ਰੋਸ ਵਿਖਾਵਿਆਂ ਵਿੱਚ ਜਾਮੀਆ ਮਿਲੀਆ, ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਅਤੇ ਅਲੀਗੜ੍ਹ ਯੂਨੀਵਰਸਿਟੀ 'ਚ ਕੀਤਾ ਸੀ। ਖਾਕੀ ਵਾਲਾ ਨਾਗਰਿਕਾਂ ਦੀ ਰੱਖਿਆ ਕਰਨ ਦੀ ਆਪਣੀ ਜ਼ਿੰਮੇਵਾਰੀ ਕਿਉਂ ਛੱਡ ਦਿੰਦਾ ਹੈ? ਕੀ ਇਹ ਸੰਯੋਗ ਸੀ ਜਾਂ ਪ੍ਰਯੋਗ?

ਇਨ੍ਹਾਂ ਸਵਾਲਾ ਦੇ ਜਵਾਬ ਸੌਖੇ ਨਹੀਂ। ਕਿਸੇ ਵੀ ਮੁਹੱਲੇ, ਸੂਬੇ ਜਾਂ ਜ਼ਿਲੇ ਵਿੱਚ ਚਲੇ ਜਾਓ, ਇਹੀ ਕਹਾਣੀ ਦੇਖਣ ਨੂੰ ਮਿਲਦੀ ਹੈ। ਉੱਤਰ ਪ੍ਰਦੇਸ਼ ਵਿੱਚ ਪੁਲਸ 'ਤੇ ਧੱਕਾਸ਼ਾਹੀ ਕਰਨ ਦਾ ਦੋਸ਼ ਹੈ ਤਾਂ ਕਰਨਾਟਕ 'ਚ ਬੜੀ ਸਰਗਰਮ ਪੁਲਸ ਪੂਰੇ ਸੂਬੇ ਵਿੱਚ ਧਾਰਾ 144 ਲਾਗੂ ਕਰ ਕੇ ਰੋਸ ਵਿਖਾਵਿਆਂ ਨੂੰ ਦਬਾ ਰਹੀ ਹੈ। ਦੰਗੇ ਵਾਲੀਆਂ ਥਾਵਾਂ 'ਤੇ ਇਹ ਸੱਤਾਧਾਰੀ ਪਾਰਟੀ ਦੀ ਹਥਿਆਰਬੰਦ ਸ਼ਾਖਾ ਦੇ ਰੂਪ ਕੰਮ ਕਰਦੇ ਹਨ ਅਤੇ ਮਾਓਵਾਦ ਪ੍ਰਭਾਵਤ ਇਲਾਕਿਆਂ 'ਚ ਅੱਤਵਾਦ ਵਿਰੋਧੀ ਕਾਰਵਾਈ ਦੇ ਨਾਂਅ 'ਤੇ ਨਿਆਂ ਤੋਂ ਬਾਅਦ ਕਤਲ ਕਰਦੇ ਹਨ। ਜੇ ਤੁਸੀਂ ਕਿਸੇ ਤੋਂ ਛੁਟਾਕਰਾ ਚਾਹੁੰਦੇ ਹੋ ਤਾਂ ਪੁਲਸ ਵਾਲੇ ਗੁੰਡਿਆਂ ਨੂੰ ਸੱਦੋ। ਛੇੜ-ਛਾੜ, ਬਲਾਤਕਾਰ, ਨੂੰਹ ਨੂੰ ਸਾੜਨ ਦੀਆਂ ਘਟਨਾਵਾਂ ਤੋਂ ਲੈ ਕੇ ਸੜਕ 'ਤੇ ਹੰਗਾਮਾ ਤੇ ਅਦਾਲਤ ਤੋਂ ਬਾਹਰ ਸਮਝੌਤਾ, ਫਰਜ਼ੀ ਮੁਕਾਬਲਾ ਆਦਿ ਸਭ 'ਚ ਪੁਲਸ ਵਾਲਿਆਂ ਦਾ ਹੱਥ ਹੁੰਦਾ ਹੈ ਅਤੇ ਇਹ ਸਾਰਿਆਂ ਨੂੰ ਫਸਾ ਦਿੰਦੇ ਹਨ, ਜਿਸ ਨਾਲ ਲੋਕ ਇਨ੍ਹਾਂ ਤੋਂ ਡਰੇ ਰਹਿੰਦੇ ਹਨ। ਫਿਰ ਵੀ ਅਸੀਂ ਆਪਣੇ ਦੇਸ਼ ਨੂੰ ਸਭਿਅਕ ਸਮਾਜ ਕਹਿੰਦੇ ਹਾਂ।

ਤਜਰਬਾ ਦੱਸਦਾ ਹੈ ਕਿ ਪਿਛਲੇ ਸਾਲਾਂ ਵਿੱਚ ਪੁਲਸ ਨੇ ਨਾ ਸਿਰਫ ਆਪਣੀਆਂ ਸ਼ਕਤੀਆਂ ਦੀ ਦੁਰਵਰਤੋਂ ਕੀਤੀ ਸਗੋਂ ਅੰਨ੍ਹੀ ਦੁਰਵਰਤੋਂ ਕੀਤੀ। ਉਹ ਤਰਕ ਅਤੇ ਜ਼ਿੰਮੇਵਾਰੀ ਤੋਂ ਬਚਦੀ ਰਹੀ। ਪੁਲਸ ਮੁਲਾਜ਼ਮ ਆਪਣੇ ਸਿਆਸੀ ਮਾਈ-ਬਾਪ ਨੂੰ ਖੁਸ਼ ਕਰਨ ਦਾ ਯਤਨ ਕਰਦੇ ਹਨ ਤੇ ਸਾਰੀਆਂ ਪਾਰਟੀਆਂ ਵੱਲੋਂ ਪੁਲਸ ਦੀ ਵਰਤੋਂ ਆਪਣੇ ਏਜੰਟੇ ਨੂੰ ਪੂਰਾ ਕਰਨ ਲਈ ਕੀਤੀ ਜਾਂਦੀ ਹੈ। ਪੁਲਸ ਫੋਰਸ ਅੱਜ ਵੀ ਬਸਤੀਵਾਦੀ ਰਾਜ ਦੇ ਪੁਲਸ ਕਾਨੂੰਨ 1861 ਨਾਲ ਚੱਲਦੇ ਹਨ, ਜਿਸ ਦੇ ਅਧੀਨ ਵਰਦੀ ਵਾਲਾ ਆਪਣੇ ਆਕਾ ਦਾ ਹੁਕਮ ਮੰਨਣ ਵਾਲਾ ਅਤੇ ਆਮ ਆਦਮੀ ਦੇ ਵਿਰੁੱਧ ਹੁੰਦਾ ਹੈ। ਇਸ ਕਾਨੂੰਨ ਦੇ ਅਧੀਨ ਪੁਲਸ ਨੂੰ ਨਾਂਹ ਪੱਖੀ ਭੂਮਿਕਾ ਮਿਲੀ ਹੈ, ਜਿਸ ਦਾ ਮੁੱਖ ਕੰਮ ਪ੍ਰਸ਼ਾਸਨ ਦੀ ਰੱਖਿਆ ਕਰਨਾ ਹੈ, ਜਿਸ ਕਾਰਨ ਸਾਡੇ ਨੇਤਾ ਪੁਲਸ ਬਲ ਦੀ ਵਰਤੋਂ ਆਪਣੇ ਗਲਤ ਹਿੱਤਾਂ ਨੂੰ ਪੂਰਾ ਕਰਨ ਲਈ ਕਰਦੇ ਹਨ।

ਪੁਲਸ ਕਮਿਸ਼ਨ ਦੀ ਇੱਕ ਰਿਪੋਰਟ ਦੇ ਮੁਤਾਬਕ 'ਦੇਸ਼ 'ਚ ਆਮ ਕਾਨੂੰਨਾਂ ਹੇਠ ਕੀਤੀਆਂ ਗਈਆਂ 60 ਫੀਸਦੀ ਗ੍ਰਿਫਤਾਰੀਆਂ ਬੇਲੋੜੀਆਂ ਤੇ ਅਣਉਚਿਤ ਹਨ ਅਤੇ ਪੁਲਸ ਦੀ ਬੇਲੋੜੀ ਕਾਰਵਾਈ ਕਾਰਨ ਜੇਲਾਂ ਦਾ 43.2 ਫੀਸਦੀ ਖਰਚ ਹੋ ਰਿਹਾ ਹੈ, ਜਿਸ ਕਾਰਨ ਪੁਲਸ ਫੋਰਸ ਨਾ ਸਿਰਫ ਵੱਧ ਤਾਕਤਵਰ ਬਣੀ, ਸਗੋਂ ਉਨ੍ਹਾਂ ਦੀ ਜਵਾਬਦੇਹੀ ਘਟੀ ਹੈ। ਕਈ ਵਾਰ ਦੇਖਣ ਨੂੰ ਮਿਲਿਆ ਹੈ ਕਿ ਲੋਕਤੰਤਰ ਲਈ ਜ਼ਰੂਰੀ ਸੰਤੁਲਨ ਬਣਾਉਣ ਦੀ ਪ੍ਰਕਿਰਿਆ ਨੂੰ ਛੱਡ ਦਿੱਤਾ ਜਾਂਦਾ ਹੈ। ਦੇਸ਼ 'ਚ ਜ਼ਮਾਨਤ ਅਪਰਾਧਾਂ 'ਚ ਗ੍ਰਿਫਤਾਰੀ 113 ਫੀਸਦੀ ਹੈ। ਮਨੁੱਖੀ ਅਧਿਕਾਰ ਕਮਿਸ਼ਨ ਦੇ ਅਨੁਸਾਰ ਇਸ ਮਾਮਲੇ 'ਚ ਸਿੱਕਮ ਚੋਟੀ ਉੱਤੇ ਹੈ। ਉਸ ਤੋਂ ਬਾਅਦ ਗੁਜਰਾਤ 'ਚ 99.75 ਫੀਸਦੀ, ਅੰਡੇਮਾਨ ਅਤੇ ਨਿਕੋਬਾਰ 'ਚ 95.8 ਫੀਸਦੀ, ਹਰਿਆਣਾ 'ਚ 94 ਫੀਸਦੀ, ਆਸਾਮ 'ਚ ਨੱਬੇ ਫੀਸਦੀ, ਮੱਧ ਪ੍ਰਦੇਸ਼ ਅਤੇ ਦਮਨ ਦੀਵ ਵਿੱਚ 89 ਫੀਸਦੀ, ਕਰਨਾਟਕ ਵਿੱਚ 84.8 ਫੀਸਦੀ ਅਤੇ ਕੇਰਲ 'ਚ 71 ਫੀਸਦੀ ਜ਼ਮਾਨਤੀ ਅਪਰਾਧਾਂ ਵਿੱਚ ਗ੍ਰਿਫਤਾਰੀਆਂ ਕੀਤੀਆਂ ਗਈਆਂ।"

ਸਾਡੇ ਖਾਕੀ ਵਾਲਿਆਂ ਦਾ ਸਮਾਂ ਅਨਿਸ਼ਚਿਤ ਹੁੰਦਾ ਹੈ। ਮੁੱਖ ਮੰਤਰੀ ਉਨ੍ਹਾਂ ਦੇ ਤਬਾਦਲੇ ਕਰਨ ਨੂੰ ਪੁਲਸ ਵਾਲਿਆਂ ਨੂੰ ਆਪਣੇ ਅਨੁਸਾਰ ਕੰਮ ਕਰਨ ਲਈ ਡੰਡੇ ਵਜੋਂ ਵਰਤਦਾ ਹੈ। ਜਿਹੜੇ ਇਨ੍ਹਾਂ ਦੀ ਗੱਲ ਨਹੀਂ ਮੰਨਦੇ, ਉਨ੍ਹਾਂ ਨੂੰ ਬੇਇੱਜ਼ਤ ਕੀਤਾ ਜਾਂਦਾ ਹੈ ਅਤੇ ਸਜ਼ਾ ਵਾਲੀ ਨਿਯੁਕਤੀ ਕੀਤੀ ਜਾਂਦੀ ਹੈ। ਉੱਤਰ ਪ੍ਰਦੇਸ਼ 'ਚ ਪੁਲਸ ਦੇ ਉਪ ਮੁਖੀ ਦਾ ਕਾਰਜਕਾਲ ਸਿਰਫ ਤਿੰਨ ਮਹੀਨੇ ਹੈ। ਪੰਜਾਬ ਵਿੱਚ ਵੀ ਸਥਿਤੀ ਬੁਰੀ ਹੈ, ਪਰ ਤਾਮਿਲ ਨਾਡੂ, ਗੁਜਰਾਤ ਅਤੇ ਕੇਰਲ ਵਿੱਚ ਪੁਲਸ ਵਾਲਿਆਂ ਦਾ ਕਾਰਜਕਾਲ ਪੱਕਾ ਹੁੰਦਾ ਹੈ। ਮੁੱਖ ਸਵਾਲ ਇਹ ਹੈ ਕਿ ਪੁਲਸ 'ਤੇ ਕੰਟਰੋਲ ਕੌਣ ਕਰੇਗਾ? ਸਰਕਾਰ ਜਾਂ ਇੱਕ ਆਜ਼ਾਦ ਅਥਾਰਟੀ। ਇਹ ਸਾਡੇ ਸੱਤਾ ਦੇ ਲਾਲਚੀ ਸਿਆਸੀ ਆਗੂਆਂ ਲਈ ਇੱਕ ਦੁਵਿਧਾ ਜਨਕ ਸਵਾਲ ਹੈ, ਜਿਸ ਦਾ ਉਹ ਇਮਾਨਦਾਰੀ ਨਾਲ ਜਵਾਬ ਨਹੀਂ ਦੇਣਗੇ ਅਤੇ ਸਾਨੂੰ ਇਸ ਦੀ ਅਣਦੇਖੀ ਵੀ ਨਹੀਂ ਕਰਨੀ ਚਾਹੀਦੀ।

ਸੱਤਰ ਫੀਸਦੀ ਲੋਕਾਂ ਦਾ ਮੰਨਣਾ ਹੈ ਕਿ ਪਰਵਾਸੀ ਲੋਕ ਅਪਰਾਧ ਵਿੱਚ ਸ਼ਾਮਲ ਰਹਿੰਦੇ ਹਨ। ਪੰਜਾਹ ਫੀਸਦੀ ਦਾ ਮੰਨਣਾ ਹੈ ਕਿ ਮੁਸਲਮਾਨ ਵੱਧ ਜੁਰਮ ਕਰਦੇ ਹਨ ਅਤੇ 35 ਫੀਸਦੀ ਗਊ ਹੱਤਿਆ ਦੇ ਸ਼ੱਕੀਆਂ ਦੇ ਵਿਰੁੱਧ ਹਿੰਸਾ ਨੂੰ ਠੀਕ ਮੰਨਦੇ ਹਨ, ਜਿਸ ਕਾਰਨ ਨਿਰਦੋਸ਼ ਲੋਕਾਂ ਵਿਰੁੱਧ ਤਸ਼ੱਦਦ ਅਤੇ ਹਿੰਸਾ ਵੀ ਚੱਲਦੀ ਰਹਿੰਦੀ ਹੈ। ਇੱਕ ਅਪਰਾਧ ਮਨੋ ਵਿਗਿਆਨਕ ਦੇ ਅਨੁਸਾਰ ਪੀੜਤ ਨੂੰ ਸ਼ਰਮਸਾਰ ਕਰਨਾ ਪੁਲਸ ਦੀ ਆਦਤ ਹੈ, ਜਿਸ ਕਾਰਨ ਭੀੜ ਹਿੰਸਾ 'ਤੇ ਉਤਾਰੂ ਹੋ ਜਾਂਦੀ ਹੈ। ਪੁਲਸ ਵਾਲਾ ਮੰਨਦਾ ਹੈ ਕਿ ਵਰਦੀ ਕਿਸੇ 'ਤੇ ਵੀ ਰੋਅਬ ਦਿਖਾਉਣ ਦਾ ਲਾਇਸੈਂਸ ਹੈ। ਚੌਕੀ ਜਾਂ ਥਾਣਾ ਪੱਧਰ ਦੇ ਪੁਲਸ ਮੁਲਾਜ਼ਮ ਹਰ ਕਿਸੇ ਨੂੰ ਭੈੜੀ ਨਜ਼ਰ ਨਾਲ ਦੇਖਦੇ ਹਨ ਤੇ ਉਹ ਮੰਨਦੇ ਹਨ ਕਿ ਸ਼ਿਕਾਇਤ ਕਰਤਾ ਉਨ੍ਹਾਂ ਦੇ ਕੰਮ ਦਾ ਬੋਝ ਵਧਾ ਰਿਹਾ ਹੈ, ਜਿਸ ਕਾਰਨ ਕੇਸ ਦਰਜ ਨਹੀਂ ਕੀਤਾ ਜਾਂਦਾ ਤੇ ਜਾਂਚ ਵਿੱਚ ਢਿੱਲ ਦਿੱਤੀ ਜਾਂਦੀ ਹੈ, ਜਿਸ ਕਾਰਨ ਪੁਲਸ ਮੁਲਾਜ਼ਮਾਂ ਨੂੰ ਕਈ ਵਾਰ ਅਦਾਲਤਾਂ ਵਿੱਚ ਝਾੜ ਵੀ ਸਹਿਣੀ ਪੈਂਦੀ ਹੈ।

ਸਮਾਂ ਆ ਗਿਆ ਹੈ ਕਿ ਪੁਲਸ ਵਿਵਸਥਾ 'ਚ ਢੁੱਕਵੇਂ ਪਰਿਵਰਤਨ ਕੀਤੇ ਜਾਣ। ਇੱਕ ਨਵੇਂ ਪੁਲਸ ਬਲ ਦਾ ਗਠਨ ਕੀਤਾ ਜਾਵੇ, ਜੋ ਵੱਧ ਪੇਸ਼ੇਵਰ, ਪ੍ਰੇਰਿਤ ਅਤੇ ਆਧੁਨਿਕ ਤਕਨੀਕ 'ਚ ਟ੍ਰੇਂਡ ਹੋਵੇ। ਪੁਲਸ ਸਿਖਲਾਈ ਵਿੱਚ ਵਿਸ਼ਵ ਦੀਆਂ ਸਰਬ ਉਤਮ ਰਵਾਇਤਾਂ ਦਾ ਪਾਲਣ ਕੀਤਾ ਜਾਵੇ ਤੇ ਪੁਲਸ ਪ੍ਰਸ਼ਾਸਨ ਵਿੱਚ ਮੁਕੰਮਲ ਤੌਰ 'ਤੇ ਲੋੜੀਂਦੇ ਯੋਗ ਪਰਿਵਰਤਨ ਕਰ ਕੇ ਇਸ ਨੂੰ ਹੋਰ ਜਵਾਬਦੇਹ ਬਣਾਇਆ ਜਾਵੇ ਅਤੇ ਸਿਆਸੀ ਦਖਲ ਤੋਂ ਮੁਕਤ ਕੀਤਾ ਜਾਵੇ। ਇੱਕ ਲੋਕਤੰਤਰ ਵਿੱਚ 160 ਸਾਲ ਪੁਰਾਣੇ ਕਾਨੂੰਨ ਦਾ ਕੋਈ ਕੰਮ ਨਹੀਂ ਅਤੇ ਵੱਖ-ਵੱਖ ਕਮਿਸ਼ਨਾਂ ਅਤੇ ਇਸ ਸੰਬੰਧ ਵਿੱਚ ਅੱਠ ਰਿਪੋਰਟਾਂ ਵਿੱਚ ਵੀ ਇਹੀ ਗੱਲ ਕਹੀ ਗਈ ਹੈ। ਪੁਲਸ ਪ੍ਰਬੰਧ ਵਿੱਚ ਸਿਆਸੀ ਪ੍ਰਭਾਵ ਖਤਮ ਕੀਤਾ ਜਾਵੇ, ਪੁਲਸ ਦੀ ਸੋਚ ਬਦਲੀ ਜਾਵੇ, ਜਨਤਾ ਨਾਲ ਇਸ ਦੀ ਗੱਲਬਾਤ ਵਧਾਈ ਜਾਵੇ, ਸਿਆਸੀਕਰਨ, ਅਪਰਾਧੀਕਰਨ ਅਤੇ ਭ੍ਰਿਸ਼ਟਾਚਾਰ 'ਤੇ ਰੋਕ ਲਾਈ ਜਾਵੇ।

ਕੁੱਲ ਮਿਲਾ ਕੇ ਸਾਰੀਆਂ ਰਿਪੋਰਟਾਂ ਵਿੱਚ ਪੁਲਸ ਸੁਧਾਰ ਦੀ ਗੱਲ ਕਹੀ ਗਈ ਹੈ, ਪਰ ਸਥਿਤੀ ਜਿਉਂ ਦੀ ਤਿਉਂ ਬਣੀ ਹੋਈ ਹੈ ਕਿਉਂਕਿ ਸਿਆਸੀ ਆਗੂ ਜਿਉਂ ਦੀ ਤਿਉਂ ਸਥਿਤੀ ਰੱਖਣਾ ਚਾਹੁੰਦੇ ਹਨ। ਸੁਪਰੀਮ ਕੋਰਟ ਦੇ 2006 ਦੇ ਇਤਿਹਾਸਕ ਫੈਸਲੇ 'ਚ ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਕੁਝ ਨਿਰਦੇਸ਼ਾਂ ਦਾ ਪਾਲਣ ਕਰਨ ਨੂੰ ਕਿਹਾ ਗਿਆ, ਜਿਸ ਵਿੱਚ ਸਰਕਾਰ ਬਦਲਣ 'ਤੇ ਅਧਿਕਾਰੀਆਂ ਦੇ ਸਿਆਸਤ ਪ੍ਰੇਰਿਤ ਤਬਾਦਲਿਆਂ ਨੂੰ ਰੋਕਣ ਲਈ ਪੁਲਸ ਨੂੰ ਕੰਮਕਾਜ ਕਰਨ ਲਈ ਖੁਦ-ਮੁਖਤਿਆਰੀ ਦੇਣੀ ਅਤੇ ਪੁਲਸ ਦੀ ਜਵਾਬਦੇਹੀ ਯਕੀਨੀ ਬਣਾਉਣੀ ਸ਼ਾਮਲ ਹੈ, ਪਰ ਇਨ੍ਹਾਂ 'ਤੇ ਧਿਆਨ ਨਹੀਂ ਦਿੱਤਾ ਗਿਆ। ਇੱਕ ਹੋਰ ਹੁਕਮ ਵਿੱਚ ਅਦਾਲਤ ਨੇ ਪੁਲਸ ਅਫਸਰਾਂ ਦੇ ਤਬਾਦਲੇ ਅਤੇ ਨਿਯੁਕਤੀ 'ਤੇ ਨਿਗਰਾਨੀ ਲਈ ਹਰ ਸੂਬੇ ਵਿੱਚ ਸੂਬਾ ਸੁਰੱਖਿਆ ਕਮਿਸ਼ਨ ਦੇ ਗਠਨ ਦਾ ਹੁਕਮ ਦਿੱਤਾ ਹੈ ਤਾਂ ਕਿ ਪੁਲਸ ਬੇਲੋੜੇ ਸਿਆਸੀ ਪ੍ਰਭਾਵ ਅਤੇ ਦਬਾਅ ਤੋਂ ਮੁਕਤ ਰਹੇ ਅਤੇ ਕਾਨੂੰਨ ਦੀ ਪਾਲਣਾ ਕਰੇ, ਪਰ ਇਸ ਨੂੰ ਵੀ ਲਾਗੂ ਨਹੀਂ ਕੀਤਾ ਗਿਆ।

ਪੁਲਸ ਨੂੰ ਥਾਣੇ ਪੱਧਰ 'ਤੇ ਕੰਮ ਕਰਨ ਦੀ ਖੁਦਮੁਖਤਿਆਰੀ ਦੇਣ ਅਤੇ ਉਨ੍ਹਾਂ ਨੂੰ ਸ਼ਥਾਨਕ ਲੋਕਾਂ ਨਾਲ ਸਹਿਯੋਗ ਅਤੇ ਸਲਾਹ ਨਾਲ ਆਪਣੀ ਪਹਿਲ ਕਦਮੀ ਅਤੇ ਟੀਚੇ ਨਿਰਧਾਰਤ ਕਰਨ ਦੀ ਖੁੱਲ੍ਹ ਦਿੱਤੀ ਜਾਣੀ ਚਾਹੀਦੀ ਹੈ। ਪੁਲਸ ਬਲ ਨੂੰ ਜਨਤਾ ਦਾ ਮਿੱਤਰ ਬਣਨ ਲਈ ਪੁਲਸ ਵਾਲਿਆਂ ਦੀ ਸੋਚ 'ਚ ਤਬਦੀਲੀ ਲਿਆਉਣੀ ਹੋਵੇਗੀ, ਸਿਰਫ ਗੱਲਾਂ ਨਾਲ ਕੰਮ ਨਹੀਂ ਚੱਲੇਗਾ। ਪੁਲਸ ਦਾ ਉਦੇਸ਼ ਕਾਨੂੰਨ ਦਾ ਸ਼ਾਸਨ ਸਥਾਪਤ ਕਰਨਾ ਅਤੇ ਕਾਨੂੰਨਾਂ ਦਾ ਪਰਿਵਰਤਨ ਕਰਨਾ ਹੈ। ਕਾਨੂੰਨ ਅਤੇ ਵਿਵਸਥਾ ਨੂੰ ਦੋ ਵੱਖ-ਵੱਖ ਵਿਭਾਗਾਂ ਵਿੱਚ ਵੰਡਣਾ ਚਾਹੀਦਾ ਹੈ। ਦੋਵਾਂ ਲਈ ਵੱਖਰੀ ਪੁਲਸ ਚਾਹੀਦੀ ਹੈ, ਨਹੀਂ ਤਾਂ ਅਜਿਹਾ ਸਮਾਂ ਆਵੇਗਾ, ਜਦੋਂ ਲੋਕ ਉਸ ਦੇ ਦਮਨ ਤੋਂ ਅੱਕ ਜਾਣਗੇ। ਇਸ ਲਈ ਲੋਕਤੰਤਰ ਦੀ ਤਾਕਤ ਅਤੇ ਨਾਗਰਿਕਾਂ ਦੀ ਜ਼ਿੰਦਗੀ ਦੀ ਗੁਣਵੱਤਾ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਪੁਲਸ ਆਪਣੀਆਂ ਜ਼ਿੰਮੇਵਾਰੀਆਂ ਦਾ ਨਿਰਵਾਹ ਕਿਸ ਤਰ੍ਹਾਂ ਸਨਮਾਨ ਜਨਕ ਅਤੇ ਆਜ਼ਾਦੀ ਪੂਰਵਕ ਢੰਗ ਨਾਲ ਕਰ ਸਕਦੀ ਹੈ। ਕੀ ਆਮ ਆਦਮੀ ਗੁੰਡਿਆਂ ਹੱਥੋਂ ਕੁੱਟਿਆ ਹੀ ਜਾਂਦਾ ਰਹਗਾ, ਜਿਸ ਦਾ ਤੁਹਾਡੇ ਨਾਲ, ਤੁਹਾਡੇ ਲਈ ਇੱਕ ਮ੍ਰਿਗ ਤ੍ਰਿਸ਼ਨਾ ਬਣ ਗਿਆ ਹੈ। ਸਮਾਂ ਆ ਗਿਆ ਹੈ ਕਿ ਅਸੀਂ ਇਸ ਗੱਲ 'ਤੇ ਗੌਰ ਕਰੀਏ ਕਿ ਕਿਸ ਤਰ੍ਹਾਂ ਦਾ ਡੰਡਾ ਅਤੇ ਕਿਸ ਦੀ ਲਾਠੀ।




ਕਿਰਪਾ ਕਰਕੇ ਹਰ ਕੋਈ ਆਪਣੀ ਜਿਮੇਵਾਰੀ ਤੇ ਟਿਕਟਾਂ ਖਰੀਦਣ। ਇਸ ਵਿੱਚ ਪੰਜਾਬੀ ਪੋਸਟ ਅਖਬਾਰ ਦੀ ਕੋਈ ਜਿਮੇਵਾਰੀ ਨਹੀਂ ਹੋਵੇਗੀ। ਧੰਨਵਾਦ ਸਹਿਤ।



# ਉੱਚ ਜਾਤੀ ਦੇ ਗ਼ਰੀਬਾਂ ਨੂੰ ਮੈਡੀਕਲ ਪੀ ਜੀ ਵਿੱਚ ਵੀ ਰਿਜ਼ਰਵੇਸ਼ਨ ਮਿਲੇਗੀ



ਕਾਨਪੁਰ, 4 ਮਾਰਚ (ਪੋਸਟ ਬਿਊਰੋ)- ਭਾਰਤ ਦੇ ਸਰਕਾਰੀ ਮੈਡੀਕਲ ਕਾਲਜਾਂ ਵਿੱਚ ਉੱਚ ਜਾਤੀ ਦੇ ਗ਼ਰੀਬ ਬੱਚਿਆਂ ਨੂੰ ਮੈਡੀਕਲ ਪੋਸਟ ਗ੍ਰੈਜੂਏਸ਼ਨ ਦੇ ਦਾਖ਼ਲੇ ਦੀ ਰਿਜ਼ਰਵੇਸ਼ਨ ਮਿਲੇਗੀ। ਮੈਡੀਕਲ ਕੌਂਸਲ ਆਫ ਇੰਡੀਆ (ਐੱਮ ਸੀ ਆਈ) ਨੇ ਵਿਦਿਅਕ ਸੈਸ਼ਨ 2020-21 ਲਈ ਐੱਮ ਐੱਸ ਅਤੇ ਐੱਮ ਡੀ ਵਾਲੀਆਂ 10 ਫੀਸਦੀ ਸੀਟਾਂ ਰਿਜ਼ਰਵ ਕਰ ਦਿੱਤੀਆਂ ਹਨ। ਇਸ ਲਈ ਪੀ ਜੀ ਵਿੱਚ ਕੁਲ 1775 ਸੀਟਾਂ ਵਧਾਈਆਂ ਹਨ, ਜਿਨ੍ਹਾਂ ਵਿਚੋਂ 1498 ਸੀਟਾਂ ਉੱਚ ਜਾਤੀ ਦੇ ਗ਼ਰੀਬਾਂ ਲਈ ਰਿਜ਼ਰਵ ਕਰ ਦਿੱਤੀਆਂ ਹਨ। ਇਨ੍ਹਾਂ ਵਿੱਚ ਉੱਤਰ ਪ੍ਰਦੇਸ਼ ਦੀਆਂ 138 ਸੀਟਾਂ ਸ਼ਾਮਲ ਹਨ।

ਆਰਥਿਕ ਪੱਖੋਂ ਕਮਜ਼ੋਰ ਉੱਚ ਜਾਤੀ ਦੇ ਲੋਕਾਂ ਨੂੰ ਕੇਂਦਰ ਸਰਕਾਰ ਨੇ 10 ਫ਼ੀਸਦੀ ਰਾਖਵਾਂਕਰਨ ਦੇਣ ਦਾ ਫ਼ੈਸਲਾ ਲਿਆ ਸੀ। ਐੱਮ ਸੀ ਆਈ ਨੇ ਇਸੇ ਲਈ ਪੂਰੇ ਦੇਸ਼ ਦੇ ਮੈਡੀਕਲ ਕਾਲਜਾਂ ਵਿੱਚ ਐੱਮ ਬੀ ਬੀ ਐੱਸ ਦੀਆਂ ਸੀਟਾਂ ਵਧਾ ਕੇ 2019-20 ਤੋਂ ਰਾਖਵਾਂਕਰਨ ਲਾਗੂ ਕੀਤਾ ਸੀ। ਸਾਲ 2020-21 ਤੋਂ ਮੈਡੀਕਲ ਦੀਆਂ ਗ੍ਰੈਜੂਏਸ਼ਨ ਕਲਾਸਾਂ ਦੇ ਲਈ ਇਸ ਨੂੰ ਲਾਗੂ ਕੀਤਾ ਜਾਣਾ ਹੈ। ਇਸ ਲਈ ਐੱਮ ਸੀ ਆਈ ਨੇ ਦੇਸ਼ ਦੇ ਸਰਕਾਰੀ ਮੈਡੀਕਲ ਕਾਲਜਾਂ ਤੋਂ ਪੀ ਜੀ ਸੀਟਾਂ ਵਧਾਉਣ ਦੀ ਤਜਵੀਜ਼ ਮੰਗੀ ਸੀ। ਇਨ੍ਹਾਂ ਕਾਲਜਾਂ ਵਿੱਚ ਸਹੂਲਤਾਂ, ਸਰੋਤ ਅਤੇ ਫੈਕਲਟੀ ਨੂੰ ਦੇਖਦਿਆਂ ਸੀਟਾਂ ਵਧਾਈਆਂ ਗਈਆਂ ਹਨ, ਪਰ ਇਸ ਨਾਲ ਜਨਰਲ ਸੀਟਾਂ ਪ੍ਰਭਾਵਿਤ ਨਹੀਂ ਹੋਣਗੀਆਂ।

ਮੈਡੀਕਲ ਕਾਲਜਾਂ ਵਿੱਚ ਉੱਚ ਜਾਤੀ ਦੇ ਗ਼ਰੀਬਾਂ ਲਈ ਵਧਾਈਆਂ ਪੀ ਜੀ ਸੀਟਾਂ ਉੱਤੇ ਦਾਖ਼ਲਾ ਨੀਟ ਪੀ ਜੀ ਨਾਲ ਹੋਵੇਗਾ। ਇਨ੍ਹਾਂ ਨੂੰ ਪੀ ਜੀ ਕੌਂਸਲਿੰਗ ਵਿੱਚ ਸ਼ਾਮਲ ਕੀਤਾ ਜਾਵੇਗਾ। ਐੱਮ ਸੀ ਆਈ ਨੇ ਇਕਨਾਮਿਕਲੀ ਵੀਕਰ ਸੈਕਸ਼ਨ (ਈ ਡਬਲਿਊ ਐੱਸ) ਦਾ ਰਾਖਵਾਂਕਰਨ ਨਵੇਂ ਸੈਸ਼ਨ ਤੋਂ ਲਾਗੂ ਕਰ ਦਿੱਤਾ ਹੈ। ਇਸ ਨਾਲ ਉੱਤਰ ਪ੍ਰਦੇਸ਼ ਵਿੱਚ 138 ਪੀ ਜੀ ਸੀਟਾਂ ਵਧ ਗਈਆਂ ਹਨ। ਐੱਮ ਬੀ ਬੀ ਐੱਸ ਦੇ ਵਿਦਿਆਰਥੀਆਂ ਨੂੰ ਇਸ ਦਾ ਲਾਭ ਮਿਲੇਗਾ।

# ਕਤਲ ਕੇਸ ਵਿੱਚ ਵੀ ਕੁਲਦੀਪ ਸੇਂਗਰ ਦੋਸ਼ੀ ਕਰਾਰ ਦਿੱਤਾ ਗਿਆ

* ਰੋਇਆ ਕੁਲਦੀਪ ਸੇਂਗਰ, ਜੱਜ ਨੇ ਕਿਹਾ: 'ਬੱਸ ਕਰੋ, ਸਭ ਪਤਾ ਹੈ'



ਨਵੀਂ ਦਿੱਲੀ, 4 ਮਾਰਚ (ਪੋਸਟ ਬਿਊਰੋ)- ਉਨਾਓ ਸਮੂਹਿਕ ਬਲਾਤਕਾਰ ਕੇਸ ਦੀ ਪੀੜਤ ਲੜਕੀ ਦੇ ਪਿਤਾ ਦੀ ਪੁਲਿਸ ਹਿਰਾਸਤ ਵਿਚ ਮੌਤ ਦੇ ਕੇਸ ਵਿਚ ਦਿੱਲੀ ਦੀ ਤੀਸ ਹਜ਼ਾਰੀ ਕੋਰਟ ਨੇ ਅੱਜ ਬੁੱਧਵਾਰ ਨੂੰ ਫੈਸਲਾ ਸੁਣਾ ਦਿੱਤਾ ਤੇ ਉੱਤਰ ਪ੍ਰਦੇਸ਼ ਦੇ ਉਨਾਓ ਹਲਕੇ ਦੇ ਸਾਬਕਾ ਵਿਧਾਇਕ ਕੁਲਦੀਪ ਸਿੰਘ ਸੇਂਗਰ ਸਣੇ 7 ਲੋਕਾਂ ਨੂੰ ਦੋਸ਼ੀ ਕਰਾਰ ਦੇ ਕੇ ਚਾਰ ਹੋਰਨਾਂ ਨੂੰ ਬਰੀ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਪੀੜਤਾ ਦੇ ਪਿਤਾ ਦੀ ਹਿਰਾਸਤ ਵਿਚ ਹੋਈ ਮੌਤ ਦੇ ਕੇਸ ਦਾ ਫੈਸਲਾ ਸੁਣਾਉਣ ਲਈ 29 ਫਰਵਰੀ ਨੂੰ ਸੁਣਵਾਈ 4 ਮਾਰਚ ਤਕ ਟਾਲ ਦਿੱਤੀ ਗਈ ਸੀ। ਵਰਨਣ ਯੋਗ ਹੈ ਕਿ ਪੁਲਿਸ ਹਿਰਾਸਤ ਵਿਚ ਬਲਾਤਕਾਰ ਪੀੜਤਾ ਦੇ ਪਿਤਾ ਦੀ ਮੌਤ ਦਾ ਕੇਸ 9 ਅਪ੍ਰੈਲ 2018 ਦਾ ਹੈ। ਪੀੜਤ ਨੇ ਇਹ ਦੋਸ਼ ਲਾਇਆ ਸੀ ਕਿ ਓਦੋਂ ਦੇ ਭਾਜਪਾ ਵਿਧਾਇਕ ਕੁਲਦੀਪ ਸਿੰਘ ਨੇ ਆਪਣੇ ਰਸੂਖ਼ ਨਾਲ ਉਸ ਦੇ ਪਿਤਾ ਨੂੰ ਪਹਿਲਾ ਗ੍ਰਿਫ਼ਤਾਰ ਕਰਾਇਆ ਤੇ ਫਿਰ ਮਰਵਾ ਦਿੱਤ ਸੀ। ਅੱਜ ਬੁੱਧਵਾਰ ਦੀ ਸੁਣਵਾਈ ਦੌਰਾਨ ਤੀਸ ਹਜ਼ਾਰੀ ਕੋਰਟ ਦੇ ਜੱਜ ਧਰਮੇਂਦਰ ਸ਼ਰਮਾ ਨੇ ਕਿਹਾ ਕਿ ਇਹ ਮੇਰੇ ਕਰੀਅਰ ਦਾ ਬਿਹਤਰੀਨ ਟ੍ਰਾਇਲ ਸੀ। ਕੇਂਦਰੀ ਜਾਂਚ ਏਜੰਸੀ ਤੇ ਪੀੜਤਾ ਦੇ ਵਕੀਲ ਧਰਮੇਂਦਰ ਮਿਸ਼ਰਾ ਦੋਵਾਂ ਨੇ ਚੰਗਾ ਕੰਮ ਕੀਤਾ ਹੈ। ਇਸ ਮੌਕੇ ਦੋਸ਼ੀ ਕੁਲਦੀਪ ਸੇਂਗਰ ਨੇ ਫਿਰ ਨਿਰਦੋਸ਼ ਹੋਣ ਦੀ ਦੁਹਾਈ ਦਿੱਤੀ ਤਾਂ ਜੱਜ ਧਰਮੇਂਦਰ ਸ਼ਰਮਾ ਨੇ ਕਿਹਾ ਕਿ ਤੂੰ ਖ਼ੁਦ ਨੂੰ ਬਚਾਉਣ ਲਈ ਤਕਨੀਕ ਦੀ ਚੋਖੀ ਵਰਤੋਂ ਕੀਤੀ, ਪਰ ਕਾਮਯਾਬ ਨਹੀਂ ਹੋ ਸਕਿਆ, ਸਾਨੂੰ ਸਭ ਪਤਾ ਹੈ।

ਮਿਲੀ ਜਾਣਕਾਰੀ ਮੁਤਾਬਕ ਬਲਾਤਕ-ਾਰ ਦੀ ਪੀੜਤਾ ਦੇ ਪਿਤਾ ਦੀ ਹੱਤਿਆ ਵਿਚ ਕੇਂਦਰੀ ਜਾਂਚ ਏਜੰਸੀ ਨੇ ਕੇਸ ਨੂੰ ਪੱਕਾ ਕਰਨ ਲਈ ਕੁਲ 55 ਗਵਾਹਾਂ ਦੇ ਬਿਆਨ ਕੋਰਟ ਵਿਚ ਪੇਸ਼ ਕੀਤੇ ਸਨ, ਇਨ੍ਹਾਂ ਵਿਚ ਚਾਚਾ, ਮਾਂ, ਭੈਣ ਅਤੇ ਪਿਤਾ ਦੇ ਸਾਥੀ ਮੁਲਾਜ਼ਮ ਵੀ ਸ਼ਾਮਲ ਹਨ।

# ਨਾਗਰਿਕਤਾ ਸੋਧ ਕਾਨੂੰਨ ਮਾਮਲੇ ਵਿਚ ਯੂ ਐੱਨ ਮਨੁੱਖੀ ਅਧਿਕਾਰ ਕੌਂਸਲ ਵੀ ਭਾਰਤ ਦੀ ਸੁਪਰੀਮ ਕੋਰਟ ਜਾ ਪੁੱਜੀ



ਨਵੀਂ ਦਿੱਲੀ, 4 ਮਾਰਚ (ਪੋਸਟ ਬਿਊਰੋ)- ਯੂ ਐੱਨ ਓ ਦੇ ਕਮਿਸ਼ਨਰ ਫਾਰ ਹਿਊਮਨ ਨੇ ਭਾਰਤ ਦੀ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਇਆ ਅਤੇ ਸੋਧੇ ਹੋਏ ਨਾਗਰਿਕਤਾ ਕਾਨੂੰਨ 'ਤੇ ਸੁਣਵਾਈ ਵਿੱਚ ਦਖਲ ਦੀ ਮੰਗ ਕੀਤੀ ਹੈ। ਭਾਰਤ ਨੇ ਇਸ ਜਥੇਬੰਦੀ ਦੇ ਕਦਮ ਦੀ ਆਲੋਚਨਾ ਕਰਦਿਆਂ ਕਿਹਾ ਹੈ ਕਿ ਸੀ ਏ ਏ ਭਾਰਤ ਦਾ ਅੰਦਰੂਨੀ ਮਾਮਲਾ ਹੈ ਅਤੇ ਦੇਸ਼ ਦੀ ਖੁਦਮੁਖਤਾਰੀ ਨਾਲ ਜੁੜੇ ਮੁੱਦੇ 'ਤੇ ਕਿਸੇ ਵਿਦੇਸ਼ੀ ਧਿਰ ਦਾ ਕੋਈ ਅਧਿਕਾਰ ਖੇਤਰ ਨਹੀਂ ਬਣਦਾ।

ਮਿਲੀ ਜਾਣਕਾਰੀ ਅਨੁਸਾਰ ਯੂ ਐੱਨ ਐੱਚ ਆਰ ਸੀ ਨੇ ਕਿਹਾ ਕਿ ਸੁਣਵਾਈ ਵਾਸਤੇ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਕਾਨੂੰਨ, ਮਾਪਦੰਡਾਂ ਅਤੇ ਨਿਯਮਾਂ ਬਾਰ ਵਿਚਾਰ ਕਰਨ ਦੀ ਲੋੜ ਹੈ। ਇਹ ਅਰਜ਼ੀ ਯੂ ਐਨ ਮਨੁੱਖੀ ਅਧਿਕਾਰ ਰਾਜਦੂਤ ਦਫਤਰ ਦੀ ਮਿਸ਼ੇਲ ਬੈਸ਼ਲੇਟ ਜੇਰੀਆ ਨੇ ਦਾਖਲ ਕੀਤੀ ਹੈ, ਜਿਸ ਵਿੱਚ ਕਿਹਾ ਹੈ ਕਿ ਉਹ ਇਸ ਮਾਮਲੇ ਵਿੱਚ ਮਨੁੱਖੀ ਅਧਿਕਾਰਾਂ ਦੀ ਰਾਖੀ ਅਤੇ ਉਨ੍ਹਾਂ ਨੂੰ ਹੱਲਾਸ਼ੇਰੀ ਦੇਣ ਤੇ ਇਸ ਬਾਰੇ ਜ਼ਰੂਰੀ ਵਕਾਲਤ ਕਰਨ ਲਈ ਮਿਲੇ ਹੁਕਮ ਦੇ ਆਧਾਰ 'ਤੇ ਤੀਸਰੀ ਧਿਰ ਵਜੋਂ ਦਖਲ ਦੇਣਾ ਚਾਹੁੰਦੀ ਹੈ। ਯੂ ਐੱਨ ਐੱਚ ਆਰ ਸੀ ਨੇ ਕੁਝ ਲੋਕਾਂ ਨੂੰ ਧਾਰਮਿਕ ਆਧਾਰ ਉੱਤੇ ਅਤਿਆਚਾਰ ਤੋਂ ਬਚਾਉਣ ਲਈ ਸੀ ਏ ਏ ਦੇ ਐਲਾਨੇ ਮਕਸਦ ਦਾ ਸਵਾਗਤ ਕੀਤਾ, ਪਰ ਸਤਾਏ ਹੋਏ ਮੁਸਲਮਾਨਾਂ ਦੇ ਵੱਖ-ਵੱਖ ਤਬਕਿਆਂ ਨੂੰ ਇਸ ਕਾਨੂੰਨ ਦੇ ਘੇਰੇ ਤੋਂ ਬਾਹਰ ਰੱਖਣ ਦਾ ਮੁੱਦਾ ਚੁੱਕਿਆ।

# ਸਾਈਜ਼ ਦੇ ਦੋਸ਼ ਕਾਰਨ ਏ ਟੀ ਐਮ ਵਿੱਚ ਸੌ ਰੁਪਏ ਦੇ ਨੋਟ ਨਹੀਂ ਆ ਰਹੇ

ਬੈਂਗਲੁਰੂ, 4 ਮਾਰਚ (ਪੋਸਟ ਬਿਊਰੋ)- ਨਕਦੀ ਲੈਣ ਲਈ ਲੋਕ ਏ ਟੀ ਐਮ ਪਹੁੰਚਦੇ ਹਨ ਤਾਂ ਜ਼ਰੂਰਤ 100 ਰੁਪਏ ਦੇ ਛੋਟੇ ਨੋਟਾਂ ਦੀ ਹੁੰਦੀ ਹੈ, ਅਸਲ ਵਿੱਚ ਕਰਨਾਟਕਾ ਵਿੱਚ ਏ ਟੀ ਐਮ ਵਿੱਚ 100 ਰੁਪਏ ਦੇ ਨੋਟ ਪਾਏ ਨਹੀਂ ਜਾਂਦੇ। ਵਜ੍ਹਾ ਇਹ ਹੈ ਕਿ ਨੋਟ ਦਾ ਸਾਈਜ਼ ਵੱਖਰਾ ਹੈ। 100 ਰੁਪਏ ਦੇ ਨੋਟ ਦੋ ਸਾਈਜ਼ ਦੇ ਹਨ, ਜਿਨ੍ਹਾਂ ਨੂੰ ਏ ਟੀ ਐਮ 'ਚ ਦੋ ਵੱਖ-ਵੱਖ 'ਕਸੇਟਸ ਵਿੱਚ ਪਾਇਆ ਜਾਂਦਾ ਹੈ। ਬੈਂਕਾਂ ਅਤੇ ਏ ਟੀ ਐਮ ਆਪ੍ਰੇਟਰਾਂ ਲਈ ਇਹ ਪ੍ਰੇਸ਼ਾਨੀ ਦਾ ਕਾਰਨ ਹੈ, ਕਿਉਂਕਿ ਉਨ੍ਹਾਂ ਨੂੰ ਆਪਣੇ ਕੋਲ 'ਲਾਈਵ ਡਿਸਕ' ਰੱਖਣੀ ਹੁੰਦੀ ਹੈ ਕਿ ਕਿਹੜੇ-ਕਿਹੜੇ ਏ ਟੀ ਐਮਾਂ ਨੂੰ ਨਵੇਂ ਅਤੇ ਪੁਰਾਣੇ ਸਾਈਜ਼ ਦੇ ਨੋਟਾਂ ਦੇ ਹਿਸਾਬ ਨਾਲ 'ਕੈਲੀਬ੍ਰੇਟ' ਕੀਤਾ ਗਿਆ ਹੈ। ਇਸ ਦੇ ਹਿਸਾਬ ਨਾਲ ਉਹ ਆਪਣੀ 'ਕੈਸ਼ ਵੈਨ' ਦਾ ਰੂਟ ਮੈਪ ਬਣਾਉਂਦੇ ਹਨ। ਕਈ ਵਾਰ ਅਜਿਹਾ ਹੁੰਦਾ ਹੈ ਕਿ ਬੈਂਕਾਂ ਕੋਲ 100 ਰੁਪਏ ਦੇ ਨੋਟ ਲੋੜੀਂਦੀ ਮਾਤਰਾ 'ਚ ਨਹੀਂ ਹੁੰਦੇ, ਜਿਸ ਕਾਰਨ ਏ ਟੀ ਐਮ ਉਨ੍ਹਾਂ ਨੂੰ ਲੋਡ ਨਹੀਂ ਕਰ ਸਕਦੇ।

# ਮੁਸਲਮਾਨਾਂ ਦੀ ਰਿਜ਼ਰਵੇਸ਼ਨ ਬਾਰੇ ਮਹਾਰਾਸ਼ਟਰ ਸਰਕਾਰ ਦਾ ਯੂ-ਟਰਨ



ਮੁੰਬਈ, 4 ਮਾਰਚ (ਪੋਸਟ ਬਿਊਰੋ)- ਮੁਸਲਿਮ ਭਾਈਚਾਰੇ ਨੂੰ ਰਿਜ਼ਰਵੇਸ਼ਨ ਦੇਣ ਦੇ ਮੁੱਦੇ 'ਤੇ ਮਹਾਰਾਸ਼ਟਰ ਸਰਕਾਰ ਨੇ ਕੱਲ੍ਹ ਫਿਰ ਯੂ-ਟਰਨ ਲੈ ਲਿਆ ਹੈ। ਇਸ ਰਾਜ ਦੇ ਮੁੱਖ ਮੰਤਰੀ ਊਧਵ ਠਾਕਰੇ ਨੇ ਸਾਫ ਕਿਹਾ ਕਿ ਰਾਜ ਸਰਕਾਰ ਦੇ ਕੋਲ ਮੁਸਲਿਮ ਰਿਜ਼ਰਵਸ਼ਨ ਬਾਰੇ ਕੋਈ ਤਜਵੀਜ਼ ਹੀ ਨਹੀਂ ਹੈ।

ਊਧਵ ਠਾਕਰੇ ਦੀ ਇਹ ਟਿੱਪਣੀ ਘੱਟ ਗਿਣਤੀ ਮਾਮਲਿਆਂ ਦੇ ਮੰਤਰੀ ਨਵਾਬ ਮਲਿਕ ਵੱਲੋਂ ਵਿਧਾਨ ਪ੍ਰੀਸ਼ਦ ਨੂੰ ਇਹ ਸੂਚਨਾ ਦੇਣ ਤੋਂ ਕੁਝ ਦਿਨ ਬਾਅਦ ਆਈ ਹੈ ਕਿ ਸੂਬਾ ਸਰਕਾਰ ਮੁਸਲਮਾਨਾਂ ਨੂੰ ਸਿਖਿਆ ਖੇਤਰ ਦੇ ਲਈ ਪੰਜ ਫੀਸਦੀ ਰਿਜ਼ਰਵੇਸ਼ਨ ਦੇਵੇਗੀ। ਊਧਵ ਨੇ ਭਾਜਪਾ ਦੀ ਅਗਵਾਈ ਹੇਠਲੀ ਵਿਰੋਧੀ ਧਿਰ ਨੂੰ ਇਸ ਬਾਰੇ ਰੌਲਾ ਨਾ ਪਾਉਣ ਲਈ ਕਿਹਾ। ਉਨ੍ਹਾਂ ਕਿਹਾ ਕਿ ਜਿਹੜੇ ਵਿਅਕਤੀ ਇਸ ਦਾ ਹੰਗਾਮਾ ਕਰ ਰਹੇ ਹਨ, ਉਨ੍ਹਾਂ ਨੂੰ ਮੈਂ ਬੇਨਤੀ ਕਰਦਾ ਹਾਂ ਕਿ ਉਹ ਆਪਣੀ ਊਰਜਾ ਬਚਾ ਕੇ ਰੱਖਣ ਤੇ ਉਸ ਦੀ ਵਰਤੋਂ ਇਸ ਮੁੱਦੇ ਦੇ ਚਰਚਾ ਲਈ ਆਉਣ ਸਮੇਂ ਕਰਨ। ਮੁੱਦਾ ਅਜੇ ਆਇਆ ਹੀ ਨਹੀਂ ਹੈ। ਸ਼ਿਵ ਸੈਨਾ ਨੇ ਅਜੇ ਆਪਣਾ ਰੁਖ਼ ਸਪੱਸ਼ਟ ਨਹੀਂ ਕੀਤਾ। ਜਦੋਂ ਮਤਾ ਆਏਗਾ ਤਾਂ ਵੇਖਾਂਗੇ।

ਮਹਾਰਾਸ਼ਟਰ ਕਾਂਗਰਸ ਦੇ ਪ੍ਰਧਾਨ ਬਾਲਾ ਸਾਹਿਬ ਥੋਰਾਟ ਨੇ ਬੀਤੇ ਦਿਨ ਕਿਹਾ ਕਿ ਮੁਸਲਮਾਨਾਂ ਨੂੰ ਰਿਜ਼ਰਵੇਸ਼ਨ ਦੇਣੀ ਉਨ੍ਹਾਂ ਦੀ ਪਾਰਟੀ ਦੀ ਵਚਨਬੱਧਤਾ ਹੈ। ਸੂਬਾ ਸਰਕਾਰ ਦੇ ਗਠਜੋੜ ਧੜਿਆਂ ਨਾਲ ਇਸ ਮੁੱਦੇ 'ਤੇ ਚਰਚਾ ਕਰਨ ਪਿੱਛੋਂ ਫੈਸਲਾ ਲਿਆ ਜਾਏਗਾ।

# ਔਰਤਾਂ ਨੇ ਪੁਲਸ ਕੋਲ ਮੰਨਿਆ, ਪਤੀ ਜਬਰਦਸਤੀ ਧਰਨੇ ਵਾਸਤੇ ਭੇਜਦੈ



ਅਲੀਗੜ੍ਹ, 4 ਮਾਰਚ (ਪੋਸਟ ਬਿਊਰੋ)- ਦਿੱਲੀ ਦੇ ਸ਼ਾਹੀਨ ਬਾਗ ਦੇ ਨਾਲ ਅਲੀਗੜ੍ਹ ਦੀ ਔਰਤਾਂ ਦਾ ਧਰਨਾ ਪ੍ਰਦਰਸ਼ਨ ਵੀ ਚਰਚਾ ਵਿੱਚ ਹੈ। ਇਥੇ ਕਰੀਬ ਡੇਢ ਮਹੀਨੇ ਤੋਂ ਹਜ਼ਾਰਾਂ ਸਥਾਨਿਕ ਔਰਤਾਂ ਨਾਗਰਿਕਤਾ ਕਾਨੂੰਨ ਅਤੇ ਰਾਸ਼ਟਰੀ ਨਾਗਰਿਕ ਰਜਿਸਟਰ ਦੇ ਵਿਰੁੱਧ ਪ੍ਰਦਰਸ਼ਨ ਕਰ ਰਹੀਆਂ ਹਨ। ਪੁਰਾਣੀ ਚੁੰਗੀ, ਸ਼ਾਹਜਮਾਲ ਤੇ ਜੀਵਨਗੜ੍ਹ ਵਿੱਚ ਧਰਨਾ ਦੇ ਰਹੀਆਂ ਇਨ੍ਹਾਂ ਮਹਿਲਾਵਾਂ ਨੇ ਪੁੱਛਗਿੱਛ ਵਿੱਚ ਹੈਰਾਨੀ ਵਾਲੇ ਖੁਲਾਸੇ ਕੀਤੇ ਹਨ।

ਏ ਸੀ ਐਮ ਰਣਜੀਤ ਸਿੰਘ ਨੇ ਦੱਸਿਆ ਕਿ ਉਹ ਅਤੇ ਸੀ ਓ ਅਨਿਲ ਸਮਾਨੀਆਂ ਕੱਲ੍ਹ ਧਰਨੇ ਵਿੱਚ ਸ਼ਾਮਲ ਕੁਝ ਔਰਤਾਂ ਦੇ ਘਰ ਗਏ ਤਾਂ ਪ੍ਰਦਰਸ਼ਨ ਬਾਰੇ ਕੀਤੀ ਪੁੱਛਗਿੱਛ ਵਿੱਚ ਕਈ ਔਰਤਾਂ ਨੇ ਆਪਣੇ ਪਤੀ ਦੇ ਸਾਹਮਣੇ ਹੀ ਮੰਨਿਆ ਕਿ ਉਨ੍ਹਾਂ ਨੂੰ ਉਨ੍ਹਾਂ ਦਾ ਪਤੀ ਧਰਨੇ ਵਿੱਚ ਭੇਜਦਾ ਸੀ। ਇਹ ਗੱਲ ਵੀ ਸਾਹਮਣੇ ਆਈ ਕਿ ਇਨ੍ਹਾਂ ਔਰਤਾਂ ਨੂੰ ਖਾਣੇ ਤੇ ਪੈਸੇ ਦਾ ਲਾਲਚ ਦੇ ਕੇ ਧਰਨੇ ਵਿੱਚ ਰੋਜ਼ ਬੈਠਾਇਆ ਜਾਂਦਾ ਹੈ। ਔਰਤਾਂ ਪਹਿਲਾ ਆਪਣੇ ਪਤੀ ਸਾਹਮਣੇ ਇਹ ਸਭ ਬੋਲਣ ਵਿੱਚ ਝਿਜਕਦੀਆਂ ਸਨ, ਪਰ ਥੋੜ੍ਹੀ ਦੇਰ ਵਿੱਚ ਉਨ੍ਹਾਂ ਨੇ ਸੱਚ ਦੱਸ ਦਿੱਤਾ। ਇਥੇ ਪਤਾ ਲੱਗਾ ਕਿ ਧਰਨੇ ਵਿੱਚ ਸ਼ਾਮਲ ਔਰਤਾਂ ਨਗਲਾ ਪਟਵਾਰੀ, ਫਿਰਦੌਸ ਨਗਰ, ਭਸੋਲਾ, ਜੀਵਨਗੜ੍ਹ, ਰੇਲਵੇ ਲਾਈਨ ਦੇ ਕੋਲ ਦੀਆਂ ਝੁੱਗੀਆਂ ਵਿੱਚ ਰਹਿੰਦੀਆਂ ਹਨ। ਲਗਾਤਾਰ ਚੱਲਦੇ ਧਰਨੇ ਵਿੱਚ ਇਲਾਕੇ ਦੇ ਫੇਰੀ ਵਾਲਿਆਂ ਬਾਰੇ ਵੀ ਪੁਲਸ ਨੂੰ ਸ਼ੱਕ ਹੈ। ਖੁਫੀਆਂ ਏਜੰਸੀਆਂ ਦੇ ਇਨਪੁਟ ਦੇ ਬਾਅਦ ਪੁਲਸ ਦੇ ਅਧਿਕਾਰੀ ਇਨ੍ਹਾਂ ਨੂੰ ਪਛਾਨਣ ਲਈ ਰੁੱਝ ਗਏ ਹਨ। ਧਰਨੇ 'ਤੇ ਬੈਠੀਆਂ ਔਰਤਾਂ ਨੂੰ ਧਰਨੇ ਵਿੱਚ ਭੇਜਣ ਅਤੇ ਖਾਣਾ ਤੇ ਪੈਸੇ ਵੰਡਣ ਵਾਲਿਆਂ ਦਾ ਵੀ ਪੁਲਸ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ।

# ਮਹਿਲਾ ਦਿਵਸ ਉੱਤੇ ਮੋਦੀ ਇੱਕ ਦਿਨ ਆਪਣੇ ਅਕਾਊਂਟ ਔਰਤਾਂ ਨੂੰ ਸੌਂਪਣਗੇ




ਨਵੀਂ ਦਿੱਲੀ, 4 ਮਾਰਚ (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੋਸ਼ਲ ਮੀਡੀਆ ਅਕਾਊਂਟ ਛੱਡਣ 'ਤੇ ਵਿਚਾਰ ਕਰਨ ਦੇ ਟਵੀਟ ਬਾਰੇ ਅਟਕਲਾਂ 'ਤੇ ਇੱਕ ਤਰ੍ਹਾਂ ਰੋਕ ਲਾਉਂਦੇ ਹੋਏ ਕਿਹਾ ਕਿ ਉਹ ਆਪਣੇ ਸੋਸ਼ਲ ਮੀਡੀਆ ਅਕਾਊਂਟ ਇੱਕ ਦਿਨ ਲਈ ਉਨ੍ਹਾਂ ਔਰਤਾਂ ਨੂੰ ਸੌਂਪਣਗੇ, ਜਿਨ੍ਹਾਂ ਦੀ ਜ਼ਿੰਦਗੀ ਅਤੇ ਕੰਮ ਪ੍ਰੇਰਨਾ ਦੇਣ ਵਾਲੇ ਹੋਣਗੇ। ਉਨ੍ਹਾਂ ਨੇ ਲੋਕਾਂ ਨੂੰ ਅਜਿਹੀਆਂ ਔਰਤਾਂ ਦੀ ਗਾਥਾ ਉਨ੍ਹਾਂ ਨਾਲ ਸਾਂਝੀਆਂ ਕਰਨ ਦੀ ਬੇਨਤੀ ਕੀਤੀ ਹੈ।

ਨਰਿੰਦਰ ਮੋਦੀ ਨੇ ਟਵੀਟ ਰਾਹੀਂ ਕਿਹਾ ਕਿ ਅੱਠ ਮਾਰਚ ਨੂੰ ਮਹਿਲਾ ਦਿਵਸ ਮੌਕੇ ਮੈਂ ਆਪਣੇ ਸੋਸ਼ਲ ਮੀਡੀਆ ਅਕਾਊਂਟ ਉਨ੍ਹਾ ਔਰਤਾਂ ਦੇ ਹਵਾਲੇ ਕਰਾਂਗਾ, ਜੋ ਪ੍ਰੇਰਤ ਕਰਦੀਆਂ ਹਨ। ਇਸ ਤੋਂ ਲੱਖਾਂ ਲੋਕਾਂ ਨੂੰ ਉਤਸ਼ਾਹ ਮਿਲੇਗਾ। ਉਨ੍ਹਾਂ ਕਿਹਾ, 'ਕੀ ਤੁਸੀਂ ਏਦਾਂ ਦੀ ਔਰਤ ਹੋ ਜਾਂ ਤੁਸੀਂ ਏਦਾਂ ਦੀ ਕਿਸੇ ਪ੍ਰੇਰਨਾ ਭਰਪੂਰ ਔਰਤ ਨੂੰ ਜਾਣਦੇ ਹੋ? ਹੈਸ਼-ਟੈਗ 'ਸ਼ੀ ਇੰਸਪਾਇਰਸ ਅਸ' (ਉਹ ਸਾਨੂੰ ਪ੍ਰੇਰਿਤ ਕਰਦੀ ਹੈ) ਦੇ ਨਾਲ ਅਜਿਹੀਆਂ ਗਾਥਾਵਾਂ ਸਾਂਝੀਆਂ ਕਰੋ।'

ਵਰਨਣ ਯੋਗ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੋਮਵਾਰ ਰਾਤ ਟਵੀਟ ਕਰ ਕੇ ਸੋਸ਼ਲ ਮੀਡੀਆ ਵਿੱਚ ਹਲਚਲ ਮਚਾ ਦਿੱਤੀ ਸੀ ਕਿ ਸੋਚ ਰਿਹਾ ਹਾਂ ਇਸ ਐਤਵਾਰ ਨੂੰ ਫੇਸਬੁਕ, ਟਵਿੱਟਰ, ਇੰਸਟਾਗ੍ਰਾਮ ਅਤੇ ਯੂ-ਟਿਊਬ 'ਤੇ ਆਪਣੇ ਸੋਸ਼ਲ ਮੀਡੀਆ ਅਕਾਊਂਟ ਛੱਡ ਦਿਆਂ। ਤੁਹਾਨੂੰ ਸਭ ਨੂੰ ਇਸ ਦੀ ਜਾਣਕਾਰੀ ਦਿਆਂਗਾ। ਮੋਦੀ ਦੇ ਇਸ ਟਵੀਟ ਨੂੰ ਇੱਕ ਘੰਟੇ ਅੰਦਰ 26000 ਵਾਰ ਰੀ-ਟਵੀਟ ਕੀਤਾ ਗਿਆ। ਨਰਿੰਦਰ ਮੋਦੀ ਸੋਸ਼ਲ ਮੀਡੀਆ ਉਤੇ ਸਭ ਤੋਂ ਵੱਧ ਫਾਲੋ ਕੀਤੇ ਜਾਣ ਵਾਲੇ ਦੁਨੀਆ ਦੇ ਚੋਣਵੇਂ ਆਗੂਆਂ ਵਿੱਚ ਸ਼ਾਮਲ ਹਨ। ਟਵਿੱਟਰ 'ਤੇ ਉਨ੍ਹਾਂ ਦੇ ਪੰਜ ਕਰੋੜ 33 ਲੱਖ ਫਾਲੋਅਰਜ਼ ਹਨ। ਫੇਸਬੁਕ 'ਤੇ ਚਾਰ ਕਰੋੜ ਚਾਲੀ ਲੱਖ ਅਤੇ ਇੰਸਟਾਗ੍ਰਾਮ 'ਤੇ ਤਿੰਨ ਕਰੋੜ 52 ਲੱਖ ਫਾਲੋਅਰਜ਼ ਹਨ। ਤਾਜ਼ਾ ਟਵੀਟ ਤੋਂ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਉਹ ਸੋਸ਼ਲ ਮੀਡੀਆ ਨੂੰ ਅਲਵਿਦਾ ਨਹੀਂ ਕਹਿ ਰਹੇ।

# ਨਿਰਭੈਆ ਕੇਸ ਵਿਚ ਜੇਲ੍ਹ ਅਧਿਕਾਰੀਆਂ ਨੇ ਫਾਂਸੀ ਦੀ ਸਾਰੀ ਤਿਆਰੀ ਕਰ ਲਈ ਸੀ



ਨਵੀਂ ਦਿੱਲੀ, 4 ਮਾਰਚ (ਪੋਸਟ ਬਿਊਰੋ)- ਨਿਰਭੈਆ ਕੇਸ ਦੇ ਚਾਰ ਦੋਸ਼ੀਆਂ ਨੂੰ ਫਾਂਸੀ 'ਤੇ ਲਟਕਾਉਣ ਲਈ ਦਿੱਲੀ ਦੀ ਤਿਹਾੜ ਜੇਲ੍ਹ ਦੇ ਅਧਿਕਾਰੀਆਂ ਨੇ ਸਾਰੀਆਂ ਜ਼ਰੂਰੀ ਤਿਆਰੀਆਂ ਕਰ ਲਈਆਂ ਸਨ।

ਜੇਲ੍ਹ ਦੇ ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ, 'ਚਾਰਾਂ ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ ਦੇਣ ਦਾ ਸਮਾਂ ਕੱਲ੍ਹ ਸਵੇਰੇ ਛੇ ਵਜੇ ਤੈਅ ਸੀ, ਇਸ ਦੇ ਲਈ ਸਾਰੇ ਜ਼ਰੂਰੀ ਪ੍ਰਬੰਧ ਕਰ ਲਏ ਸੀ, ਪਰ ਸਜ਼ਾ ਟਲ ਗਈ ਤੇ ਅਸੀਂ ਅਦਾਲਤ ਦੇ ਅਗਲੇ ਆਦੇਸ਼ ਦਾ ਇੰਤਜ਼ਾਰ ਕਰ ਰਹੇ ਹਾਂ।' ਜੇਲ੍ਹ ਦੇ ਇੱਕ ਹੋਰ ਅਧਿਕਾਰੀ ਨੇ ਦੱਸਿਆ, ''ਅਸੀਂ ਰੱਸੀਆਂ ਨੂੰ ਜਾਂਚ ਲਿਆ ਸੀ। ਜਲਾਦ ਬੁਲਾ ਲਿਆ ਅਤੇ ਪੁਤਲਿਆਂ ਨੂੰ ਫਾਂਸੀ ਦੇਣ ਦਾ ਯਤਨ ਕੀਤਾ ਸੀ।'' ਉਨ੍ਹਾਂ ਨੇ ਦੱਸਿਆ ਕਿ ਮੇਰਠ ਤੋਂ ਬੁਲਾਇਆ ਗਿਆ ਜਲਾਦ ਕੱਲ੍ਹ ਵਾਪਸ ਭੇਜ ਦਿੱਤਾ ਗਿਆ ਹੈ। ਚਾਰਾਂ ਦੋਸ਼ੀਆਂ ਨੂੰ ਕੱਲ੍ਹ ਮੰਗਲਵਾਰ ਸਵੇਰੇ ਫਾਂਸੀ ਹੋਣੀ ਸੀ, ਪਰ ਇਸ ਤੋਂ ਪਹਿਲੀ ਸ਼ਾਮ ਅਦਾਲਤ ਨੇ ਅਗਲੇ ਆਦੇਸ਼ ਤੱਕ ਫਾਂਸੀ 'ਤੇ ਰੋਕ ਲਾ ਦਿੱਤੀ ਸੀ। ਐਡੀਸ਼ਨਲ ਸੈਸ਼ਨ ਜੱਜ ਧਰਮੇਂਦਰ ਰਾਣਾ ਨੇ ਕਿਹਾ ਕਿ ਦੋਸ਼ੀ ਪਵਨ ਗੁਪੱਤਾ ਦੀ ਰਾਸ਼ਟਰਪਤੀ ਦੇ ਸਾਹ-ਮਣੇ ਪੈਂਡਿੰਗ ਰਹਿਮ ਦੀ ਅਪੀਲ ਦੇ ਨਿਪਟਾਰੇ ਤੱਕ ਫਾਂਸੀ ਨਹੀਂ ਦਿੱਤੀ ਜਾ ਸਕਦੀ। ਜੱਜ ਨੇ ਕਿਹਾ ਕਿ ਕਿਸੇ ਵੀ ਦੋਸ਼ੀ ਦੇ ਮਨ ਵਿੱਚ ਇਹ ਸ਼ਿਕਾਇਤ ਨਹੀਂ ਹੋਣੀ ਚਾਹੀਦੀ ਕਿ ਦੇਸ਼ ਦੀ ਅਦਾਲਤ ਨੇ ਉਸ ਕਾਨੂੰਨੀ ਉਪਾਅ ਵਰਤਣ ਦੀ ਇਜਾਜ਼ਤ ਦੇਣ ਵਿੱਚ ਨਿਰਪੱਖਤਾ ਨਹੀਂ ਵਰਤੀ।

# ਬੱਚੀ ਨੂੰ ਬਲਾਤਕਾਰ ਪਿੱਛੋਂ ਮਾਰ ਦੇਣ ਵਾਲੇ ਤਿੰਨ ਜਣਿਆਂ ਨੂੰ ਮੌਤ ਦੀ ਸਜ਼ਾ



ਦੁਮਕਾ, 4 ਮਾਰਚ (ਪੋਸਟ ਬਿਊਰੋ)- ਝਾਰਖੰਡ ਦੀ ਇੱਕ ਅਦਾਲਤ ਨੇ ਛੇ ਸਾਲਾ ਬੱਚੀ ਨਾਲ ਬਲਾਤਕਾਰ ਦੇ ਬਾਅਦ ਉਸ ਦੀ ਹੱਤਿਆ ਕਰਨ ਵਾਲੇ ਤਿੰਨ ਦੋਸ਼ੀਆਂ ਨੂੰ ਮੌਤ ਦੀ ਸਜ਼ਾ ਸੁਣਾਈ ਹੈ। ਅਪਰਾਧ ਦੇ ਇੱਕ ਮਹੀਨੇ ਤੋਂ ਵੀ ਘੱਟ ਸਮੇਂ 'ਚ ਦੋਸ਼ੀਆਂ ਨੂੰ ਇਸ ਤਰ੍ਹਾਂ ਦੀ ਸਜ਼ਾ ਸੁਣਾਈ ਗਈ ਹੈ।

ਜ਼ਿਲਾ ਦੁਮਕਾ ਦੇ ਜ਼ਿਲ੍ਹਾ ਸੈਸ਼ਨ ਜੱਜ ਤੌਫ਼ੀਕ ਉਲ ਹਸਨ ਨੇ ਮ੍ਰਿਤਕਾ ਦੇ ਅੰਕਲ ਮਿੱਠੂ ਰਾਏ ਅਤੇ ਪੰਕਜ ਮੋਹਾਲੀ ਤੇ ਅਸ਼ੋਕ ਰਾਏ ਨੂੰ ਮੌਤ ਦੀ ਸਜ਼ਾ ਸੁਣਾਈ ਅਤੇ ਤਿੰਨਾਂ ਨੂੰ 50-50 ਹਜ਼ਾਰ ਰੁਪਏ ਜੁਰਮਾਨਾ ਵੀ ਲਾਇਆ ਹੈ। ਦੋਸ਼ੀਆਂ ਦੀ ਉਮਰ 19 ਤੋਂ 26 ਸਾਲ ਦੇ ਦਰਮਿਆਨ ਹੈ। ਇਸ ਅਪਰਾਧ ਦਾ 7 ਫਰਵਰੀ 2020 ਨੂੰ ਓਦੋਂ ਪਤਾ ਲੱਗਾ ਸੀ, ਜਦੋਂ ਦੁਮਕਾ ਜ਼ਿਲ੍ਹੇ ਦੇ ਰਾਮਗੜ੍ਹ ਪੁਲਸ ਥਾਣੇ ਦੇ ਇਲਾਕੇ 'ਚੋਂ ਪੁਲਸ ਨੂੰ ਬੱਚੀ ਦੀ ਲਾਸ਼ ਮਿਲੀ ਸੀ। ਪੁੱਛਗਿੱਛ ਦੌਰਾਨ ਦੋਸ਼ੀਆਂ ਨੇ ਮੰਨਿਆ ਕਿ ਉਨ੍ਹਾਂ ਨੇ ਪੰਜ ਫਰਵਰੀ ਨੂੰ ਬੱਚੀ ਨਾਲ ਬਲਾਤਕਾਰ ਦੇ ਬਾਅਦ ਉਸ ਦੀ ਗਲਾ ਘੁੱਟ ਕੇ ਹੱਤਿਆ ਕਰ ਦਿੱਤੀ ਅਤੇ ਲਾਸ਼ ਨੂੰ ਦੱਬ ਦਿੱਤਾ ਸੀ। ਉਨ੍ਹਾਂ ਨੂੰ 12 ਫਰਵਰੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਪੁਲਸ ਨੇ 14 ਦਿਨਾਂ ਦੇ ਅੰਦਰ ਉਨ੍ਹਾਂ ਖ਼ਿਲਾਫ਼ ਪੁਲਸ ਨੇ ਦੋਸ਼ ਪੱਤਰ ਦਾਖ਼ਲ ਕਰ ਦਿੱਤਾ ਸੀ। 28 ਫਰਵਰੀ ਨੂੰ ਮੁਕੱਦਮਾ ਸ਼ੁਰੂ ਹੋਇਆ ਸੀ।

# ਬਲਾਤਕਾਰ ਦਾ ਦੋਸ਼ੀ ਭਾਜਪਾ ਦਾ ਸਾਬਕਾ ਵਿਧਾਇਕ ਫਰਾਰ

ਮੁੰਬਈ, 4 ਮਾਰਚ (ਪੋਸਟ ਬਿਊਰੋ)- ਪਿਛੜੀ ਜਾਤੀ ਦੀ ਇੱਕ ਮਹਿਲਾ ਨੂੰ ਵਿਆਹ ਦਾ ਝਾਂਸਾ ਦੇ ਕੇ ਗਰਭਵਤੀ ਕਰਨ, ਸਤਾ ਤੇ ਅਹੁਦੇ ਦੀ ਧੌਂਸ ਨਾਲ ਸਰੀਰਿਕ ਸ਼ੋਸ਼ਣ ਕਰਨ ਵਾਲੇ ਕਈ ਗੰਭੀਰ ਕੇਸਾਂ ਵਿੱਚ ਭਾਜਪਾ ਦੇ ਸਾਬਕਾ ਵਿਧਾਇਕ ਨਰਿੰਦਰ ਮਹਿਤਾ ਉਤੇ ਮੀਰਾ ਰੋਡ ਦੇ ਕਨਕੀਆਂ ਥਾਣੇ ਵਿੱਚ ਬਲਾਤਕਾਰ, ਅਨੁਸੂਚਿਤ ਜਾਤੀ-ਜਮਾਤੀ ਕਾਨੂੰਨ ਹੇਠ ਕੱਲ੍ਹ ਸਵੇਰੇ ਕੇਸ ਦਰਜ ਕੀਤਾ ਗਿਆ ਹੈ। ਇਸ ਵਿੱਚ ਮਹਿਤਾ ਦੇ ਖਾਸਮ-ਖਾਸ ਸੰਜੇ ਥਰਥਰੇ ਨੂੰ ਵੀ ਦੋਸ਼ੀ ਬਣਾਇਆ ਗਿਆ ਹੈ। ਗ੍ਰਿਫ਼ਤਾਰੀ ਤੋਂ ਬਚਣ ਲਈ ਸਾਬਕਾ ਵਿਧਾਇਕ ਮਹਿਤਾ ਫਰਾਰ ਦੱਸਿਆ ਜਾਂਦਾ ਹੈ। ਪਿੱਛੇ ਜਿਹੇ ਮਹਿਤਾ ਵੱਲੋਂ ਭਾਜਪਾ ਦੀ ਇੱਕ ਮਹਿਲਾ ਕੌਂਸਲਰ ਦੇ ਸਰੀਰਕ ਸ਼ੋਸ਼ਣ ਦਾ ਮੁਦਾ ਵਿਧਾਨ ਸਭਾ ਵਿੱਚ ਵੀ ਗੂੰਜਿਆ ਸੀ।

ਪੁਲਸ ਨੂੰ ਦਿੱਤੇ ਬਿਆਨ ਵਿੱਚ ਪੀੜਤਾ ਨੇ ਕਿਹਾ ਕਿ ਮਹਿਤਾ ਉਸ ਨਾਲ ਸਾਲ 1999 ਤੋਂ ਲਗਾਤਾਰ ਬਲਾਤਕਾਰ ਕਰਦਾ ਆ ਰਿਹਾ ਹੈ। ਸਾਲ 2001 ਵਿੱਚ ਮਹਿਤਾ ਨੇ ਪੀੜਤਾ ਨਾਲ ਡਹਾਣੂ ਦੇ ਇੱਕ ਮੰਦਰ ਵਿੱਚ ਵਿਆਹ ਵੀ ਕੀਤਾ ਸੀ, ਜਿਸ ਤੋਂ ਪੀੜਤਾ ਨੂੰ ਇੱਕ ਬੇਟਾ ਹੈ। ਪੀੜਤਾ ਦੇ ਅਨੁਸਾਰ ਪਿਛੜੀ ਜਾਤੀ ਦਾ ਹੋਣ ਕਾਰਨ ਮਹਿਤਾ ਦੇ ਪਰਵਾਰ ਨੇ ਉਸ ਨੂੰ ਸਵੀਕਾਰ ਨਹੀਂ ਕੀਤਾ। ਢੁਕਵੇਂ ਸਮੇਂ ਮਹਿ ਨੇ ਪੀੜਤਾ ਨੂੰ ਜਨਤਕ ਤੌਰ ਉੱਤੇ ਪ੍ਰਵਾਨ ਕਰਨ ਦਾ ਭਰੋਸਾ ਦਿੱਤਾ ਸੀ, ਪਰ ਮਹਿਤਾ ਨੇ ਸਾਲ 2002 ਵਿੱਚ ਦੂਸਰਾ ਵਿਆਹ ਕਰਵਾ ਲਿਆ ਸੀ।

# ਪੁਲਵਾਮਾ ਹਮਲੇ ਦੀ ਸਾਜ਼ਿਸ਼ ਲਈ ਪਿਉ-ਧੀ ਗ੍ਰਿਫ਼ਤਾਰ



ਸ੍ਰੀਨਗਰ, 4 ਮਾਰਚ (ਪੋਸਟ ਬਿਊਰੋ)- ਕੌਮੀ ਜਾਂਚ ਏਜੰਸੀ (ਐਨ ਆਈ ਏ) ਨੇ ਪੁਲਵਾਮਾ ਦਹਿਸ਼ਤਗਰਦ ਹਮਲੇ ਦੀ ਜਾਂਚ ਵਿੱਚ ਕੱਲ੍ਹ ਇਸ ਦੀ ਸਾਜ਼ਿਸ਼ ਵਿੱਚ ਸ਼ਾਮਲ ਪਿਉ-ਧੀ ਨੂੰ ਗ੍ਰਿਫ਼ਤਾਰ ਕੀਤਾ ਹੈ। ਪਿਛਲੇ ਸਾਲ ਹੋਏ ਇਸ ਹਮਲੇ ਵਿੱਚ ਸੀ ਆਰ ਪੀ ਐਫ਼ ਦੇ 40 ਜਵਾਨ ਮਾਰੇ ਗਏ ਸਨ।

ਐਨ ਆਈ ਏ ਵੱਲੋਂ ਕੀਤੀ ਜਾ ਰਹੀ ਜਾਂਚ ਇੱਕ ਵੇਲੇ ਖੜ੍ਹ ਗਈ ਸੀ ਤੇ ਕੱਲ੍ਹ ਗ੍ਰਿਫ਼ਤਾਰ ਕੀਤੇ ਸ਼ਖ਼ਸ ਦੀ ਪਛਾਣ ਤਾਰਿਕ ਅਹਿਮਦ ਸ਼ਾਹ ਅਤੇ ਉਸ ਦੀ ਧੀ ਇਨਸ਼ਾ ਜਾਨ ਵਜੋਂ ਦੱਸੀ ਗਈ ਹੈ। ਏਜੰਸੀ ਦੇ ਜਾਂਚ ਅੱਗੋਂ ਤਾਰਿਕ ਸ਼ਾਹ ਦੇ ਦੱਖਣੀ ਕਸ਼ਮੀਰ ਦੇ ਪੁਲਵਾਮਾ ਜ਼ਿਲ੍ਹੇ ਦੇ ਹਾਕਰੀਪੋਰਾ ਵਾਲੇ ਘਰ ਤੱਕ ਲੈ ਗਈ। ਐਨ ਆਈ ਏ ਦੇ ਮੁਤਾਬਕ ਜੈਸ਼-ਏ-ਮੁਹੰਮਦ ਦੇ ਆਤਮਘਾਤੀ ਬੰਬਾਰ ਆਦਿਲ ਅਹਿਮਦ ਡਾਰ ਨੇ ਪੁਲਵਾਮਾ ਦਹਿਸ਼ਤਗਰਦ ਹਮਲੇ ਤੋਂ ਪਹਿਲਾਂ ਇਸੇ ਘਰ ਵਿੱਚ ਵੀਡੀਓ ਫ਼ਿਲਮਾ ਕੇ ਹਮਲਾ ਕਰਨ ਦਾ ਦਾਅਵਾ ਕੀਤਾ ਸੀ। ਇਸ ਵੀਡੀਓ ਨੂੰ ਪਾਕਿਸਤਾਨ ਤੋਂ ਰਿਲੀਜ਼ ਕੀਤਾ ਗਿਆ ਹੈ। ਸ਼ਾਹ ਪੇਸ਼ੇ ਵਜੋਂ ਟਰੱਕ ਡਰਾਈਵਰ ਹੈ, ਉਸ ਨੇ ਖੁਲਾਸਾ ਕੀਤਾ ਹੈ ਕਿ ਡਾਰ, ਪਾਕਿਸਤਾਨੀ ਦਹਿਸ਼ਤਗਰਦ ਹੈ ਅਤੇ ਆਈ ਈ ਡੀ ਬਣਾਉਣ ਦਾ ਮਾਹਿਰ ਮੁਹੰਮਦ ਉਮਰ ਫ਼ਾਰੂਕ ਤੇ ਇੱਕ ਹੋਰ ਪਾਕਿਸਤਾਨੀ ਦਹਿਸ਼ਤਗਰਦ ਕਾਮਰਾਨ (ਇਹ ਦੋਵੇਂ ਮਗਰੋਂ ਸੁਰੱਖਿਆ ਫੋਰਸਾਂ ਨਾਲ ਮੁਕਾਬਲੇ 'ਚ ਮਾਰੇ ਗਏ ਸਨ), ਪੁਲਵਾਮਾ ਦੇ ਜੈਸ਼ ਦਹਿਸ਼ਤਗਰਦ ਸਮੀਰ ਅਹਿਮਦ ਡਾਰ ਦੇ ਇਸਮਾਈਲ ਉਰਫ਼ ਇਬਰਾਹਿਮ (ਇੱਕ ਹੋਰ ਪਾਕਿਸਤਾਨੀ ਦਹਿਸ਼ਤਗਰਦ) ਨੂੰ ਆਪਣੇ ਘਰ ਪਨਾਹ ਦਿੱਤੀ ਸੀ।

ਐਨ ਆਈ ਏ ਦੇ ਬੁਲਾਰੇ ਨੇ ਕਿਹਾ ਕਿ ਸ਼ਾਹ ਦੇ ਇਸ ਘਰ ਵਿੱਚ ਸੀ ਆਰ ਪੀ ਐਫ ਦੇ ਕਾਫ਼ਲੇ 'ਤੇ ਹਮਲੇ ਦੀ ਯੋਜਨਾ ਘੜੀ ਗਈ ਤੇ 'ਫਿਦਾਇਨ' ਆਦਿਲ ਅਹਿਮਦ ਡਾਰ ਨੇ ਵੀਡੀਓ ਰਿਕਾਰਡ ਕੀਤਾ।

# ਚੀਨੀ ਮੀਡੀਆ ਕਰਮਚਾਰੀਆਂ ਦੀ ਗਿਣਤੀ ਅਮਰੀਕਾ ਘਟਾਏਗਾ

ਵਾਸ਼ਿੰਗਟਨ, 4 ਮਾਰਚ (ਪੋਸਟ ਬਿਊਰੋ)- ਚੀਨ ਵਿੱਚ ਅਮਰੀਕੀ ਪੱਤਰਕਾਰਾਂ ਦੇ ਸ਼ੋਸ਼ਣ ਕਾਰਨ ਡੋਨ-ਾਲਡ ਟਰੰਪ ਪ੍ਰਸ਼ਾਸਨ ਨੇ ਅਮਰੀਕਾ ਵਿੱਚ ਚੀਨੀ ਮੀਡੀਆ ਅਦਾਰਿਆਂ ਵਿੱਚ ਕੰਮ ਕਰਦੇ ਚੀਨੀ ਨਾਗਰਿਕਾਂ ਦੀ ਗਿਣਤੀ ਵਿੱਚ ਕਟੌਤੀ ਦਾ ਫ਼ੈਸਲਾ ਕੀਤਾ ਹੈ। ਚੀਨ ਨੇ ਇਸ 'ਤੇ ਜਵਾਬੀ ਕਾਰਵਾਈ ਦੀ ਚਿਤਾਵਨੀ ਦਿੱਤੀ ਹੈ।
ਇਸ ਬਾਰੇ ਚੀਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਝਾਓ ਲਿਜਿਆਨ ਨੇ ਕਿਹਾ ਕਿ ਅਮਰੀਕਾ ਦੇ ਐਲਾਨ ਦਾ ਚੀਨ ਜ਼ੋਰਦਾਰ ਵਿਰੋਧ ਤੇ ਨਿੰਦਾ ਕਰਦਾ ਹੈ ਅਤੇ ਉਸ ਦਾ ਇਹ ਐਲਾਨ ਇੱਕ ਤਰ੍ਹਾਂ ਨਾਲ ਚੀਨੀ ਪੱਤਰਕਾਰਾਂ ਦਾ ਦੇਸ਼ ਨਿਕਾਲਾ ਹੈ। ਯੂ ਐੱਨ ਵਿੱਚ ਚੀਨ ਦੇ ਰਾਜਪੂਤ ਨੇ ਅਮਰੀਕਾ ਦੇ ਇਸ ਕਦਮ ਨੂੰ ਗ਼ੈਰ-ਜ਼ਰੂਰੀ ਕਿਹਾ ਹੈ। ਅਮਰੀਕੀ ਅਧਿਕਾਰੀਆਂ ਮੁਤਾਬਕ ਪਿਛਲੇ ਇੱਕ ਦਹਾਕੇ ਵਿੱਚ ਚੀਨ ਵਿੱਚ ਸੁਤੰਤਰ ਰਿਪੋਰਟਿੰਗ ਦੇ ਹਾਲਾਤ ਸਭ ਤੋਂ ਵੱਧ ਖ਼ਰਾਬ ਹੋਏ ਹਨ ਅਤੇ ਇਸ ਦੀ ਤੁਲਨਾ ਸੋਵੀਅਤ ਯੂਨੀਅਨ ਦੀ ਠੰਢੀ ਜੰਗ ਨਾਲ ਕੀਤੀ ਜਾ ਸਕਦੀ ਹੈ। 13 ਮਾਰਚ ਤੋਂ ਲਾਗੂ ਹੋਣ ਵਾਲੇ ਨਿਯਮ ਹੇਠ ਵਾਸ਼ਿੰਗਟਨ ਦੀ ਸਿਨਹੂਆ ਖ਼ਬਰ ਏਜੰਸੀ, ਚੀਨ ਗਲੋਬਲ ਟੈਲੀਵਿਜ਼ਨ ਨੈਟਵਰਕ, ਚਾਈਨਾ ਰੇਡੀਓ ਇੰਟਰਨੈਸ਼ਨਲ ਅਤੇ ਚਾਈਨਾ ਡੇਲੀ ਡਿਸਟ੍ਰੀਬਿਊਸ਼ਨ ਕਾਰਪੋਰੇਸ਼ਨ ਦੇ ਮੁਲਾਜ਼ਮਾਂ ਦੀ ਗਿਣਤੀ 160 ਤੋਂ ਘਟਾ ਕੇ 100 ਕੀਤੀ ਜਾਵੇਗੀ। ਵਿਦੇਸ਼ ਮੰਤਰੀ ਮਾਈਕ ਪੌਂਪੀਓ ਨੇ ਕਿਹਾ ਕਿ ਸਾਲਾ ਤੋਂ ਚੀਨ ਸਰਕਾਰ ਉਥੇ ਅਮਰੀਕੀ ਅਤੇ ਵਿਦੇਸ਼ੀ ਪੱਤਰਕਾਰਾਂ ਦਾ ਸ਼ੋਸ਼ਣ ਕਰ ਰਹੀ ਹੈ। ਚੀਨ ਨੇ ਪਿਛਲੇ ਮਹੀਨੇ ਬੀਜਿੰਗ ਵਿੱਚ ਵਾਲ ਸਟ੍ਰੀਟ ਜਰਨਲ ਦੇ ਤਿੰਨ ਪੱਤਰਕਾਰਾਂ ਦਾ ਵੀਜ਼ਾ ਰੱਦ ਕਰ ਦਿੱਤਾ ਸੀ।

# ਪ੍ਰਧਾਨ ਮੰਤਰੀ ਨੇ ਕਿਹਾ: ਨਿਊਜ਼ੀਲੈਂਡ 'ਇਹੋ ਜਿਹੀਆਂ' ਟਿਪਣੀਆਂ ਲਈ ਨਹੀਂ

ਆਕਲੈਂਡ, 4 ਮਾਰਚ (ਪੋਸਟ ਬਿਊਰੋ)- ਨਿਊਜ਼ੀਲੈਂਡ ਦੇ ਇੱਕ ਕੈਬਨਿਟ ਮੰਤਰੀ ਦੀ ਦੇਸ਼ ਵਿੱਚ ਨਿੰਦਾ ਹੋ ਰਹੀ ਹੈ ਜਿਸ ਨੇ ਪਿਛਲੇ ਦਿਨੀਂ ਨਸਲੀ ਟਿੱਪਣੀ ਕੀਤੀ ਸੀ ਕਿ ਭਾਰਤੀ ਵਿਦਿਆਰਥੀਆਂ ਨੇ ਨਿਊਜ਼ੀਲੈਂਡ ਦੀਆਂ ਵਿਦਿਅਕ ਸੰਸਥਾਵਾਂ ਦਾ ਭੱਠਾ ਬਿਠਾ ਦਿੱਤਾ ਹੈ। ਪ੍ਰਧਾਨ ਮੰਤਰੀ ਜੈਸਿੰਡਾ ਅਰਡਰਨ ਨੇ ਲੇਬਰ ਪਾਰਟੀ ਦੀ ਅਗਵਾਈ ਵਾਲੀ ਗੱਠਜੋੜ ਸਰਕਾਰ 'ਚ ਸ਼ਾਮਲ ਪਾਰਟੀ ਨਿਊਜ਼ੀਲੈਂਡ ਫਸਟ ਦੇ ਆਗੂ ਅਤੇ ਮੰਤਰੀ ਸ਼ੇਨ ਜੋਨਸ਼ ਨੂੰ ਇਸ ਹਫ਼ਤੇ ਪ੍ਰੈਸ ਕਾਨਫਰੰਸ ਦੌਰਾਨ ਕਾਫ਼ੀ ਝਾੜ ਪਾਈ ਅਤੇ ਇਸ ਨੂੰ ਗ਼ਲਤ ਦੱਸਿਆ ਹੈ। ਸੁਪਰੀਮ ਸਿੱਖ ਸੁਸਾਇਟੀ ਆਫ ਨਿਊਜ਼ੀਲੈਂਡ ਤੇ ਇੰਡੀਅਨ ਐਸੋਸੀਏਸ਼ਨ ਨੇ ਵੀ ਇਸ ਉੱਤੇ ਸਖ਼ਤ ਇਤਰਾਜ਼ ਕੀਤਾ ਅਤੇ ਵਿਰੋਧੀ ਧਿਰ ਨੇ ਵੀ ਇਸ ਦਾ ਨੋਟਿਸ ਲਿਆ ਹੈ।
ਪ੍ਰਧਾਨ ਮੰਤਰੀ ਜੈਸਿੰਡਾ ਨੇ ਕਿਹਾ ਕਿ ਮੰਤਰੀ ਦਾ ਬਿਆਨ ਗ਼ਲਤ ਹੈ ਅਤੇ ਬਤੌਰ ਪ੍ਰਧਾਨ ਮੰਤਰੀ ਮੈਂ ਇਸ ਦੇ ਨਾਲ ਸਹਿਮਤ ਨਹੀਂ। ਪੱਤਰਕਾਰਾਂ ਦੇ ਸਵਾਲਾਂ ਦਾ ਜਵਾਬ ਦਿੰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਵੇਂ ਮੰਤਰੀ ਮੀਟਿੰਗ 'ਚ ਮੌਜੂਦ ਨਹੀਂ ਸੀ, ਪਰ ਉਹ ਇਸ ਬਾਰੇ ਸ਼ੇਨ ਜੋਨਜ ਨਾਲ ਸਖ਼ਤ ਗੱਲ ਕਰਨਗੇ। ਜੈਸਿੰਡਾ ਨੇ ਕਿਹਾ ਕਿ ਸ਼ੇਨ ਜੋਨਜ ਉਨ੍ਹਾਂ ਦੀ ਪਾਰਟੀ ਦਾ ਆਗੂ ਨਹੀਂ ਤੇ ਅਜਿਹੀਆਂ ਟਿੱਪਣੀਆਂ ਲਈ ਉਨ੍ਹਾਂ ਨੂੰ ਖ਼ੁਦ ਜਵਾਬਦੇਹ ਹੋਣਾ ਚਾਹੀਦਾ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਇਹ ਟਿੱਪਣੀ ਸ਼ੇਨ ਜੋਨਜ ਦੀਆਂ ਆਪਣੀ ਓਪੀਨੀਅਨ ਹੋ ਸਕਦੀ ਹੈ, ਸਰਕਾਰ ਦੀ ਨਹੀਂ। ਉਹ ਪਹਿਲਾਂ ਵੀ ਕਈ ਵਾਰ ਅਜਿਹਾ ਬੋਲ ਚੁੱਕੇ ਹਨ। ਜਦੋਂ ਇੱਕ ਪੱਤਰਕਾਰ ਨੇ ਪ੍ਰਧਾਨ ਮੰਤਰੀ ਨੂੰ ਪੁੱਛਿਆ ਕਿ ਕੀ ਇਹ ਟਿੱਪਣੀ ਨਸਲੀ ਹੈ ਤਾਂ ਜੈਸਿੰਡਾ ਨੇ ਸਿਰਫ਼ ਏਨਾ ਕਿਹਾ ਕਿ ਉਹ ਗ਼ਲਤ ਹੈ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਅਜਿਹੀਆਂ ਟਿੱਪਣੀਆਂ ਨਿਊਜ਼ੀਲੈਂਡ ਲਈ ਸਹੀ ਨਹੀਂ।



*ਨਿਊਜ਼ੀਲੈਂਡ ਦੀ ਪ੍ਰਧਾਨ ਮੰਤਰੀ ਜੈਸਿੰਡਾ ਅਰਡਰਨ ਅਤੇ ਕੈਬਨਿਟ ਮੰਤਰੀ ਸ਼ੇਨ ਜੋਨਸ ।*

ਸੁਪਰੀਮ ਸਿੱਖ ਸੁਸਾਇਟੀ ਦੇ ਆਗੂਆਂ ਦਾ ਕਹਿਣਾ ਹੈ ਕਿ ਨਿਊਜ਼ੀਲੈਂਡ ਫਸਟ ਪਾਰਟੀ ਪਹਿਲਾਂ ਹੀ ਹਾਸ਼ੀਏ ਉਤੇ ਜਾ ਚੁੱਕੀ ਹੈ ਅਤੇ ਸਤੰਬਰ ਵਿੱਚ ਹੋਣ ਵਾਲੀਆਂ ਚੋਣਾਂ 'ਚ ਆਪਣਾ ਵਜੂਦ ਬਚਾਉਣ ਲਈ ਅਜਿਹੇ ਵਿਵਾਦਤ ਬਿਆਨ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਭਾਰਤੀ ਭਾਈਚਾਰੇ ਤੇ ਵਿਦਿਆਰਥੀਆਂ ਦਾ ਨਿਊਜ਼ੀਲੈਂਡ ਦੀ ਉਸਾਰੀ 'ਚ ਬਹੁਤ ਯੋਗਦਾਨ ਹੈ। ਇਸ ਬਾਰੇ ਵਾਇਟ-ਾਕਰੇ ਇੰਡੀਅਨ ਐਸੋਸੀਏਸ਼ਨ ਨੇ ਵੀ ਸਖ਼ਤ ਪ੍ਰਤੀਕਿਰਿਆ ਪ੍ਰਗਟ ਕੀਤੀ ਤੇ ਪ੍ਰਧਾਨ ਮੰਤਰੀ ਨੂੰ ਬੇਨਤੀ ਕੀਤੀ ਹੈ ਕਿ ਇਸ ਮੰਤਰੀ ਨਾਲ ਤੁਰੰਤ ਗੱਲ ਕੀਤੀ ਜਾਣੀ ਚਾਹੀਦੀ ਹੈ ਕਿ ਉਸ ਦਾ ਵਿਹਾਰ ਨਿਊਜ਼ੀਲੈਂਡ ਵਰਗੇ ਬਹੁ-ਕੌਮੀ ਦੇਸ਼ 'ਚ ਪ੍ਰਵਾਨ ਕਰਨ ਯੋਗ ਨਹੀਂ ਹੈ।
ਦੂਜੇ ਪਾਸੇ ਵਿਰੋਧੀ ਨੈਸ਼ਨਲ ਦੇ ਆਗੂ ਸਾਈਮਾਨ ਬਰਿਜਸ ਨੇ ਇਸ ਦਾ ਨੋਟਿਸ ਲੈਂਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਹੋਰ ਸਖ਼ਤ ਕਦਮ ਚੁੱਕਣਾ ਚਾਹੀਦਾ ਹੈ। ਇਸ ਪਾਰਟੀ ਦੇ ਦਸਤਾਰਧਾਰੀ ਐਮ ਪੀ ਕੰਵਲਜੀਤ ਸਿੰਘ ਬਖ਼ਸ਼ੀ ਨੇ ਮੰਤਰੀ ਦੇ ਬਿਆਨ ਦੀ ਨਿਖੇਧੀ ਕੀਤੀ ਹੈ। ਵੱਖ-ਵੱਖ ਨਸਲਾਂ 'ਚ ਆਪਣਾ ਸਬੰਧ ਬਣਾ ਕੇ ਰੱਖਣ ਵਾਲੇ ਵਿਭਾਗ (ਰੇਸ ਰਿਲੇਸ਼ਨਜ਼ ਕਮਿਸ਼ਨਰ) ਦੇ ਕਮਿਸ਼ਨਰ ਮੇਂਗ ਫੂਨ ਨੇ ਵੀ ਮੰਤਰੀ ਦੀ ਟਿੱਪਣੀ ਨੂੰ ਨਸਲੀ ਦੱਸਿਆ ਹੈ। ਇਮੀਗ੍ਰੇਸ਼ਨ ਮੰਤਰੀ ਇਆਨ ਲੀਸ-ਗੈਲੋਵੇਅ ਨੇ ਵੀ ਇਸ ਨੂੰ ਗ਼ਲਤ ਦੱਸਿਆ ਹੈ।
ਵਰਨਣ ਯੋਗ ਹੈ ਕਿ ਕੁਝ ਮਹੀਨੇ ਪਹਿਲਾਂ ਵੀ ਸ਼ੇਨ ਜੋਨਜ ਨੇ ਭਾਰਤੀਆਂ ਨੂੰ ਨਿਸ਼ਾਨਾ ਬਣਾਉਂਦਿਆਂ ਕਿਹਾ ਸੀ ਜੇ ਪਰਵਾਸੀ ਭਾਰਤੀਆਂ ਨੂੰ ਇਮੀਗ੍ਰੇਸ਼ਨ ਨੀਤੀਆਂ ਪਸੰਦ ਨਹੀਂ ਤਾਂ ਟਿਕਟ ਲੈ ਕੇ ਆਪਣੇ ਦੇਸ਼ ਜਾ ਸਕਦੇ ਹਨ। ਇਹ ਟਿੱਪਣੀ ਓਦੋਂ ਆਈ ਹੈ ਜਦੋਂ ਨਿਊਜ਼ੀਲੈਂਡ ਫਸਟ ਪਾਰਟੀ ਦੇ ਆਗੂ ਤੇ ਡਿਪਟੀ ਪ੍ਰਧਾਨ ਮੰਤਰੀ ਅੱਜਕੱਲ੍ਹ ਦੋਵਾਂ ਦੇਸ਼ਾਂ 'ਚ ਵਪਾਰਕ ਸਾਂਝ ਵਧਾਉਣ ਲਈ ਭਾਰਤ ਗਏ ਹੋਏ ਹਨ। ਉਨ੍ਹਾਂ ਨੇ ਵੱਖਰੇ ਪ੍ਰੈਸ ਬਿਆਨ ਰਾਹੀਂ ਨਿਊਜ਼ੀਲੈਂਡ ਦੇ ਆਰਥਿਕ ਵਿਕਾਸ ਅਤੇ ਸੱਭਿਆਚਾਰਕ ਵਿਭਿੰਨਤਾ ਨੂੰ ਵਧਾਉਣ ਲਈ ਪਰਵਾਸੀ ਭਾਰਤੀ ਭਾਈਚਾਰੇ ਦੀ ਰੱਜ ਕੇ ਸ਼ਲਾਘਾ ਕੀਤੀ ਹੈ।

# ਪਾਲਤੂ ਤੋਤੇ ਨੇ ਪੋਲ ਖੋਲ੍ਹ ਦਿੱਤੀ


ਕੁਵੈਤ ਸਿਟੀ, 4 ਮਾਰਚ (ਪੋਸਟ ਬਿਊਰੋ)- ਕੁਵੈਤ ਦਾ ਇੱਕ ਸ਼ਖਸ ਉਸ ਸਮੇਂ ਜੇਲ੍ਹ ਜਾਂਦਾ-ਜਾਂਦਾ ਬਚਿਆ ਜਦੋਂ ਉਸ ਦੇ ਪਰਵਾਰ ਵੱਲੋਂ ਪਾਲੇ ਹੋਏ ਤੋਤੇ ਨੇ ਗਲਤੀ ਨਾਲ ਘਰ ਦੀ ਨੌਕਰਾਣੀ ਦੇ ਨਾਲ ਜਾਰੀ ਉਸ ਦੇ ਇਸ਼ਕ ਦੀ ਪੋਲ ਖੋਲ੍ਹ ਦਿੱਤੀ ਅਤੇ ਗੱਲ ਪੁਲਸ ਤੱਕ ਜਾਂਦੀ-ਜਾਂਦੀ ਰਹਿ ਗਈ।



ਮਿਲੀਆਂ ਖ਼ਬਰਾਂ ਮੁਤਾਬਕ ਇਸ ਪ੍ਰੇਮ ਪ੍ਰਸੰਗ ਦੀ ਪੋਲ ਉਦੋਂ ਖੁੱਲ੍ਹੀ ਜਦੋਂ ਤੋਤੇ ਨੇ ਸ਼ਖਸ ਦੀ ਪਤਨੀ ਦੇ ਸਾਹਮਣੇ ਉਨ੍ਹਾਂ ਸ਼ਬਦਾਂ ਨੂੰ ਦੋਹਰਾਉਣਾ ਸ਼ੁਰੂ ਕਰ ਦਿੱਤਾ, ਜਿਹੜੇ ਉਹ ਸ਼ਖਸ ਅਤੇ ਨੌਕਰਾਣੀ ਆਪਸ ਵਿੱਚ ਕਿਹਾ ਕਰਦੇ ਸੀ। ਇਸ ਦੇ ਬਾਅਦ ਪਤਨੀ ਨੇ ਕੁਵੈਤ ਦੇ ਹਵਾਲੀ ਥਾਣੇ ਵਿੱਚ ਸ਼ਿਕਾਇਤ ਦਰਜ ਕਰਾਈ ਅਤੇ ਪਤੀ 'ਤੇ ਉਸ ਨੂੰ ਧੋਖਾ ਦੇਣ ਦੇ ਦੋਸ਼ ਲਾਇਆ। ਪਤਨੀ ਨੇ ਇਹ ਵੀ ਕਿਹਾ ਕਿ ਉਸ ਨੂੰ ਆਪਣੇ ਪਤੀ 'ਤੇ ਕਾਫ਼ੀ ਸਮੇਂ ਤੋਂ ਸ਼ੱਕ ਸੀ। ਉਸ ਦੇ ਅਨੁਸਾਰ ਉਸ ਦਾ ਪਤੀ ਉਦੋਂ ਹੈਰਾਨ ਰਹਿ ਗਿਆ, ਜਦੋਂ ਉਹ ਸਮੇਂ ਤੋਂ ਪਹਿਲਾਂ ਦਫ਼ਤਰ ਤੋਂ ਵਾਪਸ ਆਈ ਅਤੇ ਘਬਰਾ ਗਿਆ। ਸਰਕਾਰ ਦੇ ਕਾਨੂੰਨ ਅਧਿਕਾਰੀ ਨੇ ਦੱਸਿਆ ਕਿ ਇਸ ਕੇਸ ਨੂੰ ਅਪਰਾਧ ਦੀ ਤਰ੍ਹਾਂ ਨਹੀਂ ਦੇਖਿਆ ਜਾ ਸਕਦਾ। ਕੋਈ ਠੋਸ ਸਬੂਤ ਮੌਜੂਦ ਨਹੀਂ ਅਤੇ ਤੋਤੇ ਦੇ ਕਹੇ ਸ਼ਬਦਾਂ ਤੋਂ ਪ੍ਰੇਮ ਪ੍ਰਸੰਗ ਨੂੰ ਕੋਰਟ ਵਿੱਚ ਸਾਬਤ ਨਹੀਂ ਕੀਤਾ ਜਾ ਸਕਦਾ ਕਿਉਂਕਿ ਏਦਾਂ ਸਾਬਿਤ ਕਰਨਾ ਮੁਸ਼ਕਲ ਹੈ ਕਿ ਤੋਤੇ ਨੇ ਇਹ ਸ਼ਬਦ ਟੀ ਵੀ ਜਾ ਰੇਡੀਓ 'ਤੇ ਨਹੀਂ ਸੁਣੇ ਸੀ।

# ਤਨਮਨਜੀਤ ਸਿੰਘ ਢੇਸੀ ਬ੍ਰਿਟੇਨ ਦੀ ਸੁਰੱਖਿਆ ਕਮੇਟੀ ਦੇ ਮੈਂਬਰ ਬਣੇ

ਲੰਡਨ, 4 ਮਾਰਚ (ਪੋਸਟ ਬਿਊਰੋ)- ਇੰਗਲੈਂਡ ਦੇ ਪਹਿਲੇ ਪਗੜੀਧਾਰੀ ਪਾਰਲੀਮੈਂਟ ਮੈਂਬਰ ਤਨਮਨਜੀਤ ਸਿੰਘ ਢੇਸੀ ਨੂੰ ਹਾਊਸ ਦੀ ਸੁਰੱਖਿਆ ਕਮੇਟੀ ਦਾ ਮੈਂਬਰ ਬਣਾਇਆ ਗਿਆ ਹੈ। ਇੰਗਲੈਂਡ ਦੀ ਸੁਰੱਖਿਆ ਕਮੇਟੀ ਵਿੱਚ ਉਹ ਏਸ਼ਿਆਈ ਦੇਸ਼ਾਂ ਦੀਆਂ ਘੱਟ ਗਿਣਤੀਆਂ ਵਿੱਚੋਂ ਪਹਿਲੇ ਸਿੱਖ ਹਨ, ਜਿਨ੍ਹਾਂ ਨੂੰ ਮੈਂਬਰ ਲਿਆ ਗਿਆ ਹੈ। ਤਨਮਨਜੀਤ ਸਿੰਘ ਢੇਸੀ ਦਾ ਪਰਵਾਰ ਜਲੰਧਰ ਜ਼ਿਲ੍ਹੇ ਦੇ ਰਾਏਪੁਰ ਪਿੰਡ ਦਾ ਰਹਿਣ ਵਾਲਾ ਹੈ।
ਗੱਲਬਾਤ ਦੌਰਾਨ ਢੇਸੀ ਨੇ ਆਖਿਆ ਕਿ ਉਨ੍ਹਾਂ ਨੂੰ ਇੰਗਲੈਂਡ ਦੀ ਸੁਰੱਖਿਆ ਕਮੇਟੀ ਵਿੱਚ ਪਹਿਲੇ ਏਸ਼ੀਆਈ ਸਿੱਖ ਹੋਣ ਦਾ ਮਾਣ ਮਿਲਿਆ ਹੈ। ਸੁਰੱਖਿਆ ਕਮੇਟੀ ਪਾਰਲੀਮੈਂਟ ਦੀਆਂ ਅਹਿਮ ਕਮੇਟੀਆਂ ਵਿੱਚੋਂ ਇੱਕ ਹੈ। ਇਸ ਕਮੇਟੀ ਦਾ ਕੰਮ ਸਰਕਾਰ 'ਤੇ ਨਜ਼ਰ ਰੱਖਣਾ ਹੁੰਦਾ ਹੈ ਕਿ ਉਹ ਸੁਰੱਖਿਆ ਦੇ ਮਾਮਲੇ ਵਿੱਚ ਕਿਧਰੇ ਕੁਤਾਹੀ ਨਾ ਵਰਤੇ। ਤਨਮਨਜੀਤ ਸਿੰਘ ਢੇਸੀ ਨੇ ਕਿਹਾ ਕਿ ਇੰਗਲੈਂਡ ਦੇ ਲੋਕਾਂ ਨੇ ਪਹਿਲਾਂ ਵੀ ਉਨ੍ਹਾਂ ਦੀ ਸਲੋਅ ਹਲਕੇ ਤੋਂ ਚੋਣ ਕਰ ਕੇ ਇਤਿਹਾਸ ਸਿਰਜ ਦਿੱਤਾ ਸੀ। ਇੰਗਲੈਂਡ ਦੀ ਪਾਰਲੀਮੈਂਟ ਵਿੱਚ ਉਹ ਘੱਟ ਗਿਣਤੀਆਂ ਬਾਰੇ ਅਤੇ ਨਸਲੀ ਟਿੱਪਣੀਆਂ ਵਿਰੁੱਧ ਆਵਾਜ਼ ਬੁਲੰਦ ਕਰਦੇ ਆ ਰਹੇ ਹਨ। ਸੁਰੱਖਿਆ ਕਮੇਟੀ ਦਾ ਮੈਂਬਰ ਬਣ ਕੇ ਉਨ੍ਹਾਂ ਨੂੰ ਹੋਰ ਮਾਣ ਮਹਿਸੂਸ ਹੋ ਰਿਹਾ ਹੈ।



## ਜਰਮਨ ਮੰਤਰੀ ਵੱਲੋਂ ਚਾਂਸਲਰ ਏਂਜਲਾ ਮਰਕੇਲ ਨਾਲ ਹੱਥ ਮਿਲਾਏ ਜਾਣ ਤੋਂ ਇਨਕਾਰ

ਬਰਲਿਨ, 4 ਮਾਰਚ (ਪੋਸਟ ਬਿਊਰੋ)- ਦੁਨੀਆ ਵਿੱਚ ਫੈਲੇ ਕੋਰੋਨਾ ਵਾਇਰਸ ਦੇ ਡਰ ਕਾਰਨ ਲੋਕ ਇੱਕ ਦੂਜੇ ਨਾਲ ਹੱਥ ਮਿਲਾਉਣ ਤੋਂ ਵੀ ਕਤਰਾ ਰਹੇ ਹਨ। ਇੱਕ ਮੀਟਿੰਗ ਵਿੱਚ ਤਾਂ ਜਰਮਨੀ ਦੇ ਮੰਤਰੀ ਹੋਸਟਰ ਸੀਹੋਫਰ ਨੇ ਚਾਂਸਲਰ ਏਂਜਲਾ ਮਰਕੇਲ ਨਾਲ ਹੱਥ ਮਿਲਾਉਣ ਤੋਂ ਹੀ ਮਨ੍ਹਾ ਕਰ ਦਿੱਤਾ। ਕੋਰੋਨਾ ਵਾਇਰਸ ਦਾ ਅਸਰ ਖੇਡ 'ਤੇ ਵੀ ਪਿਆ ਹੈ। ਇਸ ਨਾਲ ਇਨਫੈਕਸ਼ਨ ਕਾਰਨ ਇੰਗਲੈਂਡ ਕ੍ਰਿਕਟ ਟੀਮ ਨੇ ਸ੍ਰੀਲੰਕਾ ਦੌਰੇ 'ਤੇ ਹੱਥ ਨਾ ਮਿਲਾਉਣ ਦਾ ਫੈਸਲਾ ਕੀਤਾ ਹੈ।
ਬਰਲਿਨ 'ਚ ਹੋਈ ਮਾਈਗ੍ਰੇਸ਼ਨ ਸਮਿਟ ਦਾ ਇੱਕ ਵੀਡੀਓ ਸਾਹਮਣੇ ਆਈ ਹੈ, ਜਿਸ 'ਚ ਏਂਜਲਾ ਮਰਕੇਲ ਜਦੋਂ ਮੀਟਿੰਗ ਤੋਂ ਪਹਿਲਾਂ ਮੰਤਰੀ ਹੋਸਟਰ ਸੀਹੋਫਰ ਨੇੜੇ ਪਹੁੰਚ ਕੇ ਹੱਥ ਮਿਲਾਉਣ ਲੱਗੀ ਤਾਂ ਉਨ੍ਹਾਂ ਨੇ ਰੋਕ ਦਿੱਤਾ। ਏਂਜਲਾ ਨੇ ਵੀ ਤੁਰੰਤ ਹੱਥ ਪਿੱਛੇ ਕਰ ਲਿਆ। ਇਸ ਨਾਲ ਪੂਰੇ ਹਾਲ ਵਿੱਚ ਲੋਕ ਹੱਸਣ ਵਿੱਚ ਲੱਗ ਪਏ। ਇਹ ਸੱਚ ਹੈ ਕਿ ਕੋਰੋਨਾ ਨੇ ਲੋਕਾਂ ਦੀ ਚਿੰਤਾ ਵਧਾ ਦਿੱਤੀ ਹੈ ਅਤੇ ਨੇਤਾ ਵੀ ਖ਼ੁਦ ਦਾ ਖਿਆਲ ਰੱਖਦੇ ਹੋਏ ਹੈਂਡਸ਼ੇਕ ਕਰਨ ਤੋਂ ਪਿੱਛੇ ਹਟ ਰਹੇ ਹਨ।

## ਡੇਰਾ ਮੁਖੀ ਦੀ ਮੁਆਫ਼ੀ:

# ਉਸ ਵਕਤ ਦੇ ਜਥੇਦਾਰਾਂ ਅਤੇ ਸ਼੍ਰੋਮਣੀ ਕਮੇਟੀ ਮੈਂਬਰਾਂ ਦੇ ਖ਼ਿਲਾਫ਼ ਕਾਰਵਾਈ ਦੀ ਮੰਗ ਉੱਠੀ

ਅੰਮ੍ਰਿਤਸਰ, 4 ਮਾਰਚ (ਪੋਸਟ ਬਿਊਰੋ)- ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਸਾਲ 2015 ਵਿੱਚ ਸ੍ਰੀ ਅਕਾਲ ਤਖ਼ਤ ਤੋਂ ਬਿਨ੍ਹਾਂ ਮੰਗੀ ਮੁਆਫ਼ੀ ਦੇਣ ਦੇ ਵਿਰੋਧ ਦਾ ਮੁੱਦਾ ਕੱਲ੍ਹ ਫਿਰ ਸ੍ਰੀ ਅਕਾਲ ਤਖ਼ਤ ਵਿਖੇ ਪੁੱਜ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਸਕੱਤਰ ਕੁਲਵੰਤ ਸਿੰਘ ਨੇ ਅਕਾਲ ਤਖ਼ਤ ਦੇ ਸਕੱਤਰੇਤ ਵਿੱਚ ਇੱਕ ਪੱਤਰ ਸੌਂਪ ਕੇ ਮੁਆਫ਼ੀ ਦਾ ਫੈਸਲਾ ਕਰਨ ਵਾਲੇ ਉਸ ਵਕਤ ਦੇ ਜਥੇਦਾਰਾਂ ਅਤੇ ਇਸ ਫੈਸਲੇ ਦਾ ਸਮਰਥਨ ਕਰਨ ਵਾਲੇ ਸ਼੍ਰੋਮਣੀ ਕਮੇਟੀ ਮੈਂਬਰਾਂ ਅਤੇ ਅਕਾਲੀ ਆਗੂਆਂ ਦੇ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਹੈ।
ਸਾਬਕਾ ਸਕੱਤਰ ਕੁਲਵੰਤ ਸਿੰਘ ਨੇ ਚਾਰ ਸਫ਼ਿਆਂ ਦੇ ਇਸ ਪੱਤਰ ਵਿੱਚ ਸੰਨ 2000 ਤੋਂ ਅੱਜ ਤੱਕ ਦੇ ਹਾਲਾਤ ਦਾ ਹਵਾਲਾ ਦੇ ਕੇ ਕਈ ਅਜਿਹੇ ਮੁੱਦੇ ਉਭਾਰੇ ਹਨ, ਜਿਨ੍ਹਾਂ ਨਾਲ ਸਿੱਖ ਸੰਸਥਾ ਤੇ ਸਿੱਖਾਂ ਨੂੰ ਨਮੋਸ਼ੀ ਮਿਲੀ ਸੀ। ਉਨ੍ਹਾਂ ਕਿਹਾ ਕਿ ਇੰਨਾ ਕੁਝ ਹੋਣ ਦੇ ਬਾਵਜੂਦ ਓਦੋਂ ਵਾਲੇ ਜਥੇਦਾਰਾਂ ਨੇ ਹਾਕਮ ਧਿਰ ਦੇ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕੀਤੀ, ਜਿਸ ਨਾਲ ਸ੍ਰੀ ਅਕਾਲ ਤਖ਼ਤ ਦੀ ਮਾਣ ਮਰਿਆਦਾ ਨੂੰ ਢਾਹ ਲੱਗੀ ਹੈ। ਉਨ੍ਹਾਂ ਸਤੰਬਰ 2015 ਵਿੱਚ ਡੇਰਾ ਸਿਰਸਾ ਦੇ ਮੁਖੀ ਨੂੰ ਸ੍ਰੀ ਅਕਾਲ ਤਖ਼ਤ ਤੋਂ ਮੁਆਫ਼ੀ ਦੇਣ ਬਾਰੇ ਕਿਹਾ ਕਿ ਦੋ ਜਥੇਦਾਰਾਂ ਨੇ ਬਾਅਦ ਵਿੱਚ ਮੁਆਫ਼ੀ ਦੇਣ ਦੀ ਸੱਚਾਈ ਦਾ ਪਰਦਾ ਫਾਸ਼ ਕੀਤਾ ਸੀ। ਕੁਲਵੰਤ ਸਿੰਘ ਨੇ ਕਿਹਾ ਕਿ ਜਦੋਂ ਮੁਆਫ਼ੀ ਦਿੱਤੀ ਗਈ ਸੀ, ਓਦੋਂ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਨੇ ਵੀ ਇਸ ਦਾ ਵਿਰੋਧ ਕੀਤਾ ਸੀ ਅਤੇ ਪੰਜ ਪਿਆਰਿਆਂ ਨੇ ਵਿਰੋਧ ਕਰਦੇ ਹੋਏ ਓਦੋਂ ਜਥੇਦਾਰ ਨੂੰ ਤਲਬ ਕਰਕੇ ਸਪੱਸ਼ਟੀਕਰਨ ਮੰਗਿਆ ਸੀ, ਪਰ ਹਾਕਮ ਧਿਰ ਨੇ ਪੰਜ ਪਿਆਰਿਆਂ ਨੂੰ ਹੀ ਨੌਕਰੀਆਂ ਤੋਂ ਕੱਢ ਦਿੱਤਾ ਅਤੇ ਸੱਚ ਦਾ ਪਰਦਾ ਫਾਸ਼ ਕਰਨ ਵਾਲੇ ਜਥੇਦਾਰ ਦਾ ਹੋਰ ਥਾਂ ਤਬਾਦਲਾ ਕਰ ਦਿੱਤਾ ਸੀ।
ਕੁਲਵੰਤ ਸਿੰਘ ਨੇ ਕਿਹਾ ਕਿ ਇਸ ਫ਼ੈਸਲੇ ਦਾ ਸ਼੍ਰੋਮਣੀ ਕਮੇਟੀ ਦੀ ਓਦੋਂ ਦੀ ਅੰਤ੍ਰਿੰਗ ਕਮੇਟੀ ਨੇ ਸਮਰਥਨ ਕਰ ਕੇ ਲੱਖਾਂ ਰੁਪਏ ਦੇ ਇਸ਼ਤਿਹਾਰ ਮੀਡੀਆ ਵਿੱਚ ਦਿੱਤੇ ਸਨ, ਪਰ ਸੰਗਤ ਦੇ ਰੋਸ ਕਾਰਨ ਜਥੇਦਾਰਾਂ ਨੂੰ ਇਹ ਫ਼ੈਸਲਾ ਵਾਪਸ ਲੈਣਾ ਪਿਆ ਸੀ। ਉਨ੍ਹਾਂ ਮੰਗ ਕੀਤੀ ਹੈ ਕਿ ਇਸ ਬਾਰੇ ਓਦੋਂ ਦੇ ਜਥੇਦਾਰਾਂ ਅਤੇ ਫ਼ੈਸਲੇ ਦਾ ਸਮਰਥਨ ਕਰਨ ਵਾਲੇ ਸ਼੍ਰੋਮਣੀ ਕਮੇਟੀ ਮੈਂਬਰਾਂ ਅਤੇ ਅਕਾਲੀ ਆਗੂਆਂ ਦੇ ਖ਼ਿਲਾਫ਼ ਸ੍ਰੀ ਅਕਾਲ ਤਖ਼ਤ ਤੋਂ ਮਰਿਆਦਾ ਮੁਤਾਬਕ ਕਾਰਵਾਈ ਕੀਤੀ ਜਾਵੇ।

## ਅੰਤਰਰਾਸ਼ਟਰੀ ਮਹਿਲਾ ਦਿਵਸ 'ਤੇ ਸਾਰੇ ਜ਼ਿਲਿਆਂ ਵਿੱਚ ਇੱਕ ਰਾਤ ਮੁੱਖ ਸੜਕਾਂ ਔਰਤਾਂ ਤੇ ਲੜਕੀਆਂ ਲਈ ਸੁਰੱਖਿਅਤ ਹੋਣਗੀਆਂ

ਚੰਡੀਗੜ੍ਹ, 4 ਮਾਰਚ (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ ਸਮਾਜ ਵਿੱਚ ਔਰਤਾਂ ਨੂੰ ਹੋਰ ਵਧੇਰੇ ਸਮਰੱਥ ਵਧਾਉਣ ਦੀ ਕੋਸ਼ਿਸ਼ ਹੇਠ ਦੇਸ਼ ਵਿੱਚ ਪਹਿਲੀ ਵਾਰ ਕੌਮਾਂਤਰੀ ਮਹਿਲਾ ਦਿਵਸ ਨਵੀਂ ਤਰ੍ਹਾਂ ਮਨਾਉਣ ਦਾ ਫੈਸਲਾ ਕੀਤਾ ਹੈ। ਉਸ ਦਿਨ ਹਨੇਰਾ ਹੋਣ ਪਿੱਛੋਂ ਔਰਤਾਂ ਅਤੇ ਬੱਚਿਆਂ ਦੇ ਘਰਾਂ ਵਿੱਚ ਰਹਿਣ ਵਰਗੀਆਂ ਰਵਾਇਤਾਂ ਨੂੰ ਚੁਣੌਤੀ ਦਿੰਦਿਆਂ ਸਰਕਾਰ ਸੱਤ ਅਤੇ ਅੱਠ ਮਾਰਚ ਦੀ ਵਿਚਕਾਰਲੀ ਰਾਤ ਨੂੰ ਹਰ ਜ਼ਿਲੇ ਵਿੱਚ ਮੁੱਖ ਸੜਕ ਦਾ ਇੱਕ ਹਿੱਸਾ ਸ਼ਾਮੀਂ ਸੱਤ ਵਜੇ ਤੋਂ ਰਾਤ ਇੱਕ ਵਜੇ ਤੱਕ ਔਰਤਾਂ ਅਤੇ ਲੜਕੀਆਂ ਦੀਆਂ ਵੱਖ-ਵੱਖ ਗਤੀਵਿਧੀਆਂ ਲਈ ਰਾਖਵਾਂ ਰੱਖੇਗੀ। ਇਸ ਸੰਬੰਧ ਵਿੱਚ ਪੰਜਾਬ ਦੀ ਸਮਾਜਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਸ੍ਰੀਮਤੀ ਅਰੁਣਾ ਚੌਧਰੀ ਨੇ ਦੱਸਿਆ ਕਿ ਰਾਜ ਸਰਕਾਰ ਸੜਕਾਂ ਤੇ ਗਲੀਆਂ ਨੂੰ ਔਰਤਾਂ ਤੇ ਲੜਕੀਆਂ ਲਈ ਸੁਰੱਖਿਅਤ ਬਣਾਉਣਾ ਅਤੇ ਆਰਥਿਕ ਗਤੀਵਿਧੀਆਂ ਵਿੱਚ ਉਨ੍ਹਾਂ ਦਾ ਹਿੱਸਾ ਵਧਾਉਣਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਔਰਤਾਂ ਨੂੰ ਸਿਰਫ ਇਸ ਕਾਰਨ ਰੁਜ਼ਗਾਰ ਤੋਂ ਨਹੀਂ ਰੋਕਿਆ ਜਾਣਾ ਚਾਹੀਦਾ ਕਿ ਉਹ ਹਨੇਰਾ ਹੋਣ ਪਿੱਛੋਂ ਸਫਰ ਨਹੀਂ ਕਰ ਸਕਦੀਆਂ। ਇਸ ਲਈ ਵਿਭਾਗ ਨੇ ਕੌਮਾਂਤਰੀ ਮਹਿਲਾ ਦਿਵਸ ਨੂੰ ਜਨਤਕ ਥਾਵਾਂ ਉਤੇ ਔਰਤਾਂ ਦੀ ਦਾਅਵੇਦਾਰੀ ਜਤਾਉਣ ਦੀ ਕੋਸ਼ਿਸ਼ ਦੇ ਨਵੇਂ ਤਰੀਕੇ ਵਜੋਂ ਮਨਾਉਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਦੱਸਿਆ ਕਿ ਇਸ ਦਿਨ ਸ਼ਾਮ ਸੱਤ ਤੋਂ ਇੱਕ ਵਜੇ ਤੱਕ ਸਾਰੇ ਜ਼ਿਲਾ ਹੈਡ ਕੁਆਰਟਰਾਂ ਅਤੇ ਵੱਡੇ ਸ਼ਹਿਰਾਂ ਵਿੱਚ ਕਿਸੇ ਇੱਕ ਮੁੱਖ ਸੜਕ ਦਾ ਛੇ ਕਿਲੋਮੀਟਰ ਹਿੱਸਾ ਔਰਤਾਂ ਤੇ ਲੜਕੀਆਂ ਲਈ ਰਾਖਵਾਂ ਹੋਵੇਗਾ। ਉਸ ਸੜਕ ਉੱਤੇ ਦੌੜ, ਪੈਦਲ ਚਾਲ, ਸਾਇਕਲਿੰਗ, ਉਦੇਸ਼ ਪੂਰਤੀ ਲਈ ਨ੍ਰਿਤ, ਮਨੁੱਖੀ ਲੜੀ, ਦਸਤਖ਼ਤ ਮੁਹਿੰਮ ਚਲਾ ਕੇ ਅਜਿਹਾ ਸਮਾਜ ਸਿਰਜਣ ਦੀ ਲੋੜ ਉਤੇ ਜ਼ੋਰ ਦਿੱਤਾ ਜਾਵੇਗਾ, ਜਿਸ ਵਿੱਚ ਕਿਸੇ ਦੇ ਸੋਸ਼ਣ ਜਾਂ ਹਮਲੇ ਦਾ ਸਾਹਮਣਾ ਨਾ ਕਰਨਾ ਪਵੇ। ਇਸ ਤੋਂ ਇਲਾਵਾ ਪੂਰੀ ਤਰ੍ਹਾਂ ਸ਼ਿੰਗਾਰੀਆਂ ਇਨ੍ਹਾਂ ਸੜਕਾਂ ਉੱਤੇ ਮਹਿਲਾ ਉਦਮੀਆਂ ਦੀਆਂ ਪ੍ਰਾਪਤੀਆਂ ਨੂੰ ਉਜਾਗਰ ਕਰਨ ਤੋਂ ਇਲਾਵਾ ਫੂਡ ਸਟਾਲ ਵੀ ਲਗਾਏ ਜਾਣਗੇ।



## ਨਵਜੰਮੇ ਬੱਚੇ ਜਨਮ ਤੋਂ ਕੁਝ ਦਿਨ ਪਿੱਛੋਂ ਚਿਹਰੇ ਪਛਾਣਨ ਲੱਗਦੇ ਹਨ

ਵਾਸ਼ਿੰਗਟਨ, 4 ਮਾਰਚ (ਪੋਸਟ ਬਿਊਰੋ)- ਇੱਕ ਅਧਿਐਨ ਤੋਂ ਪਤਾ ਲੱਗਾ ਹੈ ਕਿ ਛੇ ਦਿਨ ਤੱਕ ਦੇ ਨਵਜੰਮੇ ਬੱਚੇ ਦਾ ਦਿਮਾਗ ਚਿਹਰਿਆਂ ਅਤੇ ਸਥਾਨਾਂ ਨੂੰ ਪਛਾਣਨ ਵਰਗੇ ਵਿਸ਼ੇਸ਼ ਕੰਮਾਂ ਲਈ ਪਹਿਲਾਂ ਤੋਂ ਤਿਆਰ ਹੋ ਸਕਦਾ ਹੈ। ਇਸ ਨਵੀਂ ਖੋਜ ਦੀ ਮਦਦ ਨਾਲ ਆਟਿਜ਼ਮ ਜਿਹੀਆਂ ਵਿਕਾਸ ਸੰਬੰਧੀ ਕਮੀਆਂ ਦਾ ਤੁਰੰਤ ਪਤਾ ਲੱਗ ਸਕਦਾ ਹੈ। ਅਧਿਐਨ ਵਿੱਚ ਨਵਜੰਮੇ ਬੱਚਿਆਂ ਵਿੱਚ ਦੇਖਣ ਤੇ ਸਮਝਣ ਦੀ ਸਮਰੱਥਾ ਲਈ ਜ਼ਿੰਮੇਵਾਰ ਦਿਮਾਗ ਦੇ ਖੇਤਰਾਂ ਨੂੰ ਫੰਕਸ਼ਨਲ ਮੈਗਨੈਟਿਕ ਰੇਜੋਨੈਂਸ ਇਮੇਜਿੰਗ (ਐੱਫ ਐੱਮ ਆਰ ਆਈ) ਸਕੈਨ ਰਾਹੀਂ ਦੇਖਿਆ ਗਿਆ। ਖੋਜਕਾਰਾਂ ਮੁਤਾਬਕ ਸਰੀਰ ਨੂੰ ਸਕੈਨ ਕਰਨ ਵਾਲਾ ਅਤੇ ਖ਼ੂਨ 'ਚ ਚੁੰਬਕੀ ਵਿਸ਼ੇਸ਼ਤਾਵਾਂ ਨੂੰ ਰਿਕਾਰਡ ਕਰਨ ਲਈ ਇੱਕ ਵੱਡੇ ਜਿਹੇ ਚੁੰਬਕ ਦੀ ਵਰਤੋਂ ਕਰ ਕੇ ਦਿਮਾਗ ਦੇ ਵੱਖ-ਵੱਖ ਹਿੱਸਿਆਂ ਵਿੱਚ ਖ਼ੂਨ ਦੇ ਪ੍ਰਵਾਹ ਨੂੰ ਮਾਪਿਆ ਗਿਆ ਤੇ ਦੇਖਿਆ ਗਿਆ ਕਿ ਕਿਹੜਾ ਹਿੱਸਾ ਵਧੇਰੇ ਸਰਗਰਮ ਹੈ। ਏਮੋਰੀ ਯੂਨੀਵਰਸਿਟੀ ਦੇ ਸੀਨੀਅਰ ਖੋਜਕਾਰ ਡੈਨੀਅਲ ਦਿਲਕਸ਼ ਨੇ ਕਿਹਾ ਕਿ ਅਸੀਂ ਇੱਕ ਬੁਨਿਆਦੀ ਸਵਾਲ ਦਾ ਹੱਲ ਲੱਗਦੇ ਹਾਂ ਕਿ ਗਿਆਨ ਕਿੱਥੋਂ ਆਉਂਦਾ ਹੈ। ਅਸੀਂ ਦੁਨੀਆ ਵਿੱਚ ਕਿਸ ਚੀਜ਼ ਨਾਲ ਆਉਂਦੇ ਹਾਂ ਤੇ ਅਨੁਭਵ ਤੋਂ ਕੀ ਹਾਸਲ ਕਰਦੇ ਹਾਂ।

## ਦਿੱਲੀ ਹਵਾਈ ਅੱਡੇ ਤੱਕ ਬਾਦਲਾਂ ਦੀਆਂ ਬੱਸਾਂ ਨੂੰ ਖੁੱਲ੍ਹ, ਸਰਕਾਰੀ ਬਸਾਂ 'ਤੇ ਰੋਕ ਕਿਉਂ: ਸਿਮਰਜੀਤ ਬੈਂਸ



ਚੰਡੀਗੜ੍ਹ, 4 ਮਾਰਚ (ਪੋਸਟ ਬਿਊਰੋ)- ਕੱਲ੍ਹ ਫਿਰ ਵਿਧਾਨ ਸਭਾ 'ਚ ਬਾਦਲ ਪਰਵਾਰ ਦੀ ਇੰਡੋ-ਕੈਨੇਡੀਅਨ ਕੰਪਨੀ ਦੀਆਂ ਬਸਾਂ ਦਾ ਮਾਮਲਾ ਉੱਠ ਪਿਆ। ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਹੈਰਾਨੀ ਪ੍ਰਗਟ ਕੀਤੀ ਕਿ ਪੰਜਾਬ ਦੀਆਂ ਸਰਕਾਰੀ ਵਾਲਵੋ ਬਸਾਂ ਨੂੰ ਦਿੱਲੀ ਦੇ ਹਵਾਈ ਅੱਡੇ ਤੱਕ ਜਾਣ ਦੀ ਆਗਿਆ ਨਹੀਂ ਅਤੇ ਇੰਡੋ-ਕੈਨੇਡੀਅਨ ਕੰਪਨੀ ਦੀਆਂ ਬਸਾਂ ਨੂੰ ਹਵਾਈ ਅੱਡੇ ਤੱਕ ਸਵਾਰੀਆਂ ਲੈਣ ਤੇ ਛੱਡਣ ਦੀ ਖੁੱਲ੍ਹੀ ਛੋਟ ਹੈ। ਉਨ੍ਹਾਂ ਦੋਸ਼ ਲਾਇਆ ਕਿ ਟਰਾਂਸਪੋਰਟ ਮਹਿਕਮੇ ਦੇ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਇਹ ਸਭ ਹੋ ਰਿਹਾ ਹੈ।
ਬੈਂਸ ਨੇ ਕਿਹਾ ਕਿ ਇੰਡੋ-ਕੈਨੇਡੀਅਨ ਵਾਲਵੋ ਬਸ ਦਾ ਕਿਰਾਇਆ 2700 ਦੇ ਨੇੜੇ ਹੈ, ਜਦ ਕਿ ਪੰਜਾਬ ਸਰਕਾਰ ਦੀ ਵਾਲਵੋ ਬਸ ਦਾ ਕਿਰਾਇਆ ਸੱਤ ਸੌ ਰੁਪਏ ਦੇ ਕਰੀਬ ਹੈ। ਉਨ੍ਹਾਂ ਮੰਗ ਕੀਤੀ ਕਿ ਟਰਾਂਸਪੋਰਟ ਮੰਤਰੀ ਇਸ ਮਾਫੀਆ ਨੂੰ ਨੱਥ ਪਾਉਣ। ਟਰਾਂਸਪੋਰਟ ਮੰਤਰੀ ਰਜ਼ੀਆ ਸੁਲਤਾਨਾ ਨੇ ਦੱਸਿਆ ਕਿ ਸੁਪਰੀਮ ਕੋਰਟ ਦੇ ਫੈਸਲੇ ਕਾਰਨ ਪੰਜਾਬ ਦੀਆਂ ਸਰਕਾਰੀ ਬਸਾਂ ਨੂੰ ਦਿੱਲੀ ਦੇ ਅੰਤਰਰਾਸ਼ਟਰੀ ਬਸ ਅੱਡੇ ਤੱਕ ਜਾਣ ਦੀ ਆਗਿਆ ਹੈ। ਨਵੰਬਰ 2018 ਤੱਕ ਪੰਜਾਬ ਦੀਆਂ ਸਰਾਕਰੀ ਵਾਲਵੋ ਬਸਾਂ ਹਵਾਈ ਅੱਡੇ ਤੱਕ ਜਾਂਦੀਆਂ ਸਨ, ਪਰ ਬਾਅਦ ਵਿੱਚ ਰੋਕ ਲੱਗ ਗਈ। ਉਨ੍ਹਾਂ ਭਰੋਸਾ ਦਿਵਾਇਆ ਕਿ ਪੰਜਾਬ ਸਰਕਾਰ ਸੁਪਰੀਮ ਕੋਰਟ 'ਚ ਰੀਵਿਊ ਪਟੀਸ਼ਨ ਪਾਵੇਗੀ। ਉਨ੍ਹਾਂ ਇਹ ਵੀ ਦੱਸਿਆ ਕਿ ਉਹ ਦਿੱਲੀ ਸਰਕਾਰ ਦੇ ਟਰਾਂਸਪੋਰਟ ਮੰਤਰੀ ਨੂੰ ਮਿਲ ਚੁੱਕੇ ਹਨ ਅਤੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਾਲ ਮੁਲਾਕ-ਾਤ ਲਈ ਸਮਾਂ ਮੰਗਿਆ ਹੈ, ਪਰ ਅਜੇ ਤੱਕ ਸਮਾਂ ਨਹੀਂ ਮਿਲਿਆ। ਇਸ 'ਤੇ ਸਿਮਰਨਜੀਤ ਸਿੰਘ ਬੈਂਸ ਨੇ ਕਿਹਾ ਕਿ ਏਥੋਂ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਨੂੰ ਨਾਲ ਜਾਓ। ਇਸ ਉੱਤੇ ਆਮ ਆਦਮੀ ਪਾਰਟੀ ਦੇ ਵਿਧਾਇਕ ਅਮਨ ਅਰੋੜਾ ਨੇ ਕਿਹਾ ਕਿ ਜਦ ਮੰਤਰੀ ਜੀ ਚਾਹੁਣ, ਉਹ ਜਾਣ ਨੂੰ ਤਿਆਰ ਹਨ। ਪੰਜਾਬ ਦੀਆਂ ਬਸਾਂ ਨੂੰ ਛੋਟ ਮਿਲਣੀ ਚਾਹੀਦੀ ਹੈ।

## ਸਰਟੀਫਿਕੇਟਾਂ ਵਿੱਚ ਕੁਰੈਕਸ਼ਨ ਦਾ ਚੱਕਰ ਬੰਦ ਹੋਵੇਗਾ

ਜਲੰਧਰ, 4 ਮਾਰਚ (ਪੋਸਟ ਬਿਊਰੋ)- ਕਿਸੇ ਵਿਅਕਤੀ ਦੀ ਮੈਰਿਜ, ਡੇਟ ਆਫ ਬਰਥ ਜਾਂ ਰੈਜ਼ੀਡੈਂਸ ਸਰਟੀਫਿਕੇਟ ਦੇ ਸਰਕਾਰੀ ਦਸਤਾਵੇਜ਼ਾਂ 'ਚ ਕੁਰੈਕਸ਼ਨ ਕਰਨ ਦੇ ਨਾਂ 'ਤੇ ਧੋਖਾਧੜੀ ਤੇ ਰਿਸ਼ਵਤਖੋਰੀ ਨਹੀਂ ਹੋ ਸਕੇਗੀ। ਜੇ ਕਿਸੇ ਸਰਕਾਰੀ ਕਰਮਚਾਰੀ ਨੇ ਇਹ ਕੋਸ਼ਿਸ਼ ਕੀਤੀ ਤਾਂ ਫੜਿਆ ਜਾਵੇਗਾ। ਇਸ ਲਈ ਰਾਜ ਸਰਕਾਰ ਦਸਤਾਵੇਜ਼ਾਂ 'ਚ ਕੁਰੈਕਸ਼ਨ ਦਾ ਕੰਮ ਕੇਂਦਰ ਸਰਕਾਰ ਦੀ ਨੈਸ਼ਨਲ ਇਨਫਾਰਮੈਟਿਕਸ ਸੈਂਟਰ (ਐਨ ਆਈ ਸੀ) ਤੋਂ ਵਾਪਸ ਲੈ ਰਹੀ ਹੈ। ਅੱਗੇ ਤੋਂ ਇਹ ਕੰਮ ਪੰਜਾਬ ਸਰਕਾਰ ਦਾ ਡਾਇਰੈਕਟੋਰੇਟ ਆਫ ਗਵਰਨੈਂਸ ਐਂਡ ਰਿਫਾਰਮਜ਼ (ਡੀ ਓ ਜੀ ਆਰ) ਕਰੇਗਾ।
ਪਤਾ ਲੱਗਾ ਹੈ ਕਿ ਪੰਜਾਬ ਸਰਕਾਰ ਹੌਲੀ-ਹੌਲੀ ਹੁਣ ਐਨ ਆਈ ਸੀ ਤੋਂ ਬਣਵਾਏ ਈ-ਡਿਸਟ੍ਰਿਕਟ ਸਾਫਟਵੇਅਰ ਨੂੰ ਬੰਦ ਕਰ ਕੇ ਸਾਰਾ ਕੰਮ ਈ-ਸੇਵਾ ਵਿੱਚ ਕਰਨ ਲੱਗੀ ਹੈ। ਏਸੇ ਲਈ ਕਿ ਪਿਛਲੇ ਕੁਝ ਦਿਨਾਂ ਤੋਂ ਕੰਮਕਾਜ ਦੂਜੇ ਸਾਫਟਵੇਅਰ 'ਚ ਬਦਲਣ ਲਈ ਕੁਰੈਕਸ਼ਨ ਦੀ ਪ੍ਰਕਿਰਿਆ ਬੰਦ ਕੀਤੀ ਗਈ ਹੈ। ਸੇਵਾ ਕੇਂਦਰ ਦੇ ਇੱਕ ਅਧਿਕਾਰੀ ਨੇ ਕਿਹਾ ਕਿ ਉਨ੍ਹਾਂ ਕੋਲ ਗਵਰਨੈਂਸ ਰਿਫਾਰਮਜ਼ ਡਾਇਰੈਕਟੋਰੇਟ ਤੋਂ ਹਦਾਇਤ ਆਈ ਹੈ ਕਿ ਇਸੇ ਹਫ਼ਤੇ ਈ-ਡਿਸਟ੍ਰਿਕਟ ਸਾਫਟਵੇਅਰ ਰਾਹੀਂ ਦਿੱਤੀਆਂ ਜਾਂਦੀਆਂ ਸਰਕਾਰੀ ਸੇਵਾਵਾਂ ਨੂੰ ਈ-ਸੇਵਾ 'ਚ ਸ਼ਿਫਟ ਕੀਤਾ ਜਾ ਰਿਹਾ ਹੈ, ਜਿਸ ਪਿੱਛੋਂ ਉਸੇ ਰਾਹੀਂ ਸਾਰੀ ਕੁਰੈਕਸ਼ਨ ਵੀ ਹੋਵੇਗੀ। ਹਾਲੇ ਤੱਕ ਸਰਕਾਰੀ ਕਰਮਚਾਰੀ ਆਪਣੀ ਗਲਤੀ ਨੂੰ ਖ਼ੁਦ ਸੁਧਾਰ ਲੈਂਦੇ ਸਨ, ਪਰ ਅੱਗੇ ਤੋਂ ਇਸ ਤਰ੍ਹਾਂ ਨਹੀਂ ਹੋਵ-ੇਗਾ। ਕੁਰੈਕਸ਼ਨ ਦਾ ਕੰਮ ਜ਼ਿਲ੍ਹੇ 'ਚ ਨਹੀਂ, ਚੰਡੀਗੜ੍ਹ ਵਿੱਚ ਡੀ ਓ ਜੀ ਆਰ ਦੇ ਦਫ਼ਤਰ 'ਚ ਹੋਵੇਗਾ। ਉਥੇ ਕਿਸੇ ਦਸਤਾਵੇਜ਼ 'ਚ ਗਲਤੀ ਹੁੰਦੀ ਹੈ ਤਾਂ ਇਹ ਦੇਖਿਆ ਜਾ ਸਕੇਗਾ ਕਿ ਅਰਜ਼ੀ 'ਚ ਜਾਣਕਾਰੀ ਗ਼ਲਤ ਭਰੀ ਗਈ ਸੀ ਜਾਂ ਕਲਰਕ ਜਾਂ ਹੋਰ ਸਰਕਾਰੀ ਕਰਮਚਾਰੀ ਦੇ ਪੱਧਰ 'ਤੇ ਗਲਤੀ ਹੋਈ ਹੈ। ਉਨ੍ਹਾ ਦੇਖ਼ਿਲਾਫ਼ ਵੀ ਐਕਸ਼ਨ ਹੋ ਸਕੇਗਾ। ਮੋਹਾਲੀ ਬੈਠੀ ਟੀਮ ਲਗਾਤਾਰ ਇਸ ਬਾਰੇ ਸਰਕਾਰ ਨਾਲ ਸਬੰਧਤ ਵਿਭਾਗਾਂ ਦੇ ਉਚ ਅਧਿਕਾਰੀਆਂ ਨੂੰ ਰਿਪੋਰਟ ਦੇਵੇਗੀ ਕਿ ਕਿਸ ਵਿਭਾਗ ਨਾਲ ਜੁੜੇ ਦਸਤਾਵੇਜ਼ਾਂ 'ਚ ਵੱਧ ਗੜਬੜੀ ਕੀਤੀ ਜਾਂਦੀ ਹੈ।

# ਵਿਦੇਸ਼ ਵਿੱਚ ਪੰਜਾਬੀ ਚੈਨਲ ਦੀ ਭਾਈਵਾਲੀ ਦੇ ਝਾਂਸੇ ਨਾਲ ਢਾਈ ਲੱਖ ਦੀ ਧੋਖਾਧੜੀ

ਲੁਧਿਆਣਾ, 4 ਮਾਰਚ (ਪੋਸਟ ਬਿਊਰੋ)- ਵਿਦੇਸ਼ ਵਿੱਚ ਇੱਕ ਪੰਜਾਬੀ ਚੈਨਲ ਦੇ ਭਾਈਵਾਲ ਬਣਾਉਣ ਦਾ ਝਾਂਸਾ ਦੇ ਕੇ ਜਲੰਧਰ ਦੇ ਪਿੰਡ ਤਲਵਣ ਦੇ ਇੱਕ ਵਿਅਕਤੀ ਨੇ ਲੁਧਿਆਣਾ ਦੇ ਫੁੱਲਾਂਵਾਲ ਦੀ ਮੁਟਿਆਰ ਨਾਲ ਢਾਈ ਲੱਖ ਰੁਪਏ ਦਾ ਧੋਖਾ ਕੀਤਾ ਹੈ, ਜਿਸ ਬਾਰੇ ਪੁਲਸ ਜਾਂਚ ਕਰ ਰਹੀ ਹੈ।




ਇਸ ਸੰਬੰਧ ਵਿੱਚ ਥਾਣਾ ਸਦਰ ਦੀ ਪੁਲਸ ਨੇ ਪਿੰਡ ਫੁੱਲਾਂਵਾਲ ਦੀ ਸੰਦੀਪ ਕੌਰ ਦੇ ਬਿਆਨਾਂ ਉਤੇ ਪਿੰਡ ਤਲਵਣ ਜਲੰਧਰ ਦੇ ਗੁਰਪ੍ਰੀਤ ਸਿੰਘ ਦੇ ਖਿਲਾਫ ਇਮੀਗਰੇਸ਼ਨ ਐਕਟ ਅਤੇ ਧੋਖਾਧੜੀ ਦੀਆਂ ਧਾਰਾਵਾਂ ਦਾ ਕੇਸ ਦਰਜ ਕਰ ਲਿਆ ਹੈ। ਸੰਦੀਪ ਕੌਰ ਨੇ ਪੁਲਸ ਨੂੰ ਦੱਸਿਆ ਕਿ ਗੁਰਪ੍ਰੀਤ ਸਿੰਘ ਦਾ ਯੂ-ਟਿਊਬ 'ਤੇ ਛਣਕਾਟਾ ਨਾਮ ਦਾ ਇੱਕ ਚੈਨਲ ਚੱਲਦਾ ਹੈ। ਕੁਝ ਮਹੀਨੇ ਪਹਿਲਾਂ ਗੁਰਪ੍ਰੀਤ ਸਿੰਘ ਨੇ ਸੰਦੀਪ ਕੌਰ ਨਾਲ ਸੰਪਰਕ ਕਰ ਕੇ ਆਪਣੇ ਚੈਨਲ ਦੀ ਬ੍ਰਾਂਚ ਕੈਨੇਡਾ ਵਿੱਚ ਖੋਲ੍ਹਣ ਦੀ ਗੱਲ ਦੱਸੀ ਅਤੇ ਕਿਹਾ ਕਿ ਇਹ ਬ੍ਰਾਂਚ ਕੈਨੇਡਾ ਵਿੱਚ ਖੁੱਲ੍ਹਣ ਤੋਂ ਪਹਿਲਾਂ ਸੰਦੀਪ ਕੌਰ ਨੂੰ ਕੈਨੇਡਾ ਭੇਜ ਦਿੱਤਾ ਜਾਵੇਗਾ। ਚੈਨਲ ਦੀ ਹਿੱਸੇਦਾਰੀ ਦਾ ਝਾਂਸਾ ਦੇ ਕੇ ਦੋਸ਼ੀ ਨੇ ਸੰਦੀਪ ਕੌਰ ਤੋਂ ਢਾਈ ਲੱਖ ਰੁਪਏ ਲੈ ਲਏ। ਕਈ ਮਹੀਨੇ ਬੀਤ ਜਾਣ ਦੇ ਬਾਅਦ ਜਦ ਸੰਦੀਪ ਕੌਰ ਨੇ ਗੁਰਪ੍ਰੀਤ ਸਿੰਘ ਨਾਲ ਸੰਪਰਕ ਕੀਤਾ ਤਾਂ ਉਸ ਨੇ ਟਾਲ ਦਿੱਤਾ। ਫਿਰ ਉਸ ਨੇ ਨਾ ਤਾਂ ਕੈਨੇਡਾ ਭੇਜਿਆ ਤੇ ਨਾ ਪੈਸੇ ਵਾਪਸ ਕੀਤੇ। ਸੰਦੀਪ ਕੌਰ ਨੇ ਇਸ ਦੀ ਸ਼ਿਕਾਇਤ ਪੁਲਸ ਕਮਿਸ਼ਨਰ ਨੂੰ ਦਿੱਤੀ ਤਾਂ ਕੇਸ ਦੀ ਪੜਤਾਲ ਤੋਂ ਬਾਅਦ ਉਚ ਅਧਿਕਾਰੀਆਂ ਨੇ ਗੁਰਪ੍ਰੀਤ ਸਿੰਘ ਦੇ ਵਿਰੁੱਧ ਕੇਸ ਦਰਜ ਕਰਨ ਦੀ ਸਿਫਾਰਸ਼ ਕੀਤੀ।

# ਹਨੀ ਟਰੈਪ ਕੇਸ ਵਿੱਚ ਜਲਾਲਾਬਾਦ ਦੀਆਂ ਦੋ ਔਰਤਾਂ ਅਤੇ ਇੱਕ ਪੁਰਸ਼ ਗ੍ਰਿਫ਼ਤਾਰ

ਫਾਜ਼ਿਲਕਾ, 4 ਮਾਰਚ (ਪੋਸਟ ਬਿਊਰੋ)- ਬਲਾਤਕਾਰ ਦੇ ਝੂਠੇ ਦੋਸ਼ ਵਿੱਚ ਫਸਾ ਕੇ ਬਲੈਕਮੇਲ ਕਰਨ ਅਤੇ ਰਾਜ਼ੀਨਾਮੇ ਦੇ ਨਾਂਅ 'ਤੇ ਲੱਖਾਂ ਰੁਪਏ ਠੱਗਣ ਵਾਲੇ ਗਿਰੋਹ ਦੇ ਬਾਅਦ ਕੱਲ੍ਹ ਰਾਤ ਇੱਕ ਹੋਰ ਬਲੈਕਮੇਲ ਕਰਨ ਦਾ ਕੇਸ ਜਲਾਲਾਬਾਦ ਵਿੱਚ ਪਤਾ ਲੱਗਾ ਹੈ। ਇਸ ਵਿੱਚ ਇੱਕ ਨਿੱਜੀ ਸਕੂਲ ਦੇ ਸੰਚਾਲਕ ਨੂੰ ਘਰ ਪੈਸੇ ਲੈਣ ਲਈ ਮਹਿਲਾ ਨੇ ਬੁਲਾਇਆ ਅਤੇ ਫਿਰ ਉਸ ਨੂੰ ਝੂਠੇ ਕੇਸ ਵਿੱਚ ਫਸਾ ਕੇ ਪੰਜ ਲੱਖ ਰੁਪਏ ਦੀ ਮੰਗ ਕਰਨ ਲੱਗੀ ਤਾਂ ਸੌਦਾ 2.50 ਲੱਖ ਦਾ ਤੈਅ ਹੋ ਗਿਆ। ਪੈਸੇ ਦੇਣ ਲਈ ਸ਼ਿਕਾਇਤ ਕਰਤਾ ਰਾਜ ਕੁਮਾਰ ਨੂੰ ਜਲਾਲਾਬਾਦ ਵਿੱਚ ਵਿੱਚ ਆਪਣੀ ਪ੍ਰਾਪਰਟੀ ਡੀਲਰ ਦੀ ਦੁਕਾਨ 'ਤੇ ਬੁਲਾਇਆ ਅਤੇ ਕਿਹਾ ਕਿ ਮੇਰੇ ਕੋਲ ਅੱਜ ਰੁਪਏ ਨਹੀਂ ਹਨ, ਕੱਲ੍ਹ ਦਿਆਂਗਾ, ਪਰ ਉਹ ਨਹੀਂ ਮੰਨੇ।




ਫਿਰ ਰਾਜ ਕੁਮਾਰ ਵੀਹ ਹਜ਼ਾਰ ਰੁਪਏ ਲੈ ਕੇ ਦੋਸ਼ੀਆਂ ਦੇ ਕੋਲ ਗਿਆ ਅਤੇ ਇਸ ਦੀ ਜਾਣਕਾਰੀ ਪੁਲਸ ਨੂੰ ਵੀ ਦੇ ਦਿੱਤੀ। ਪੁਲਸ ਨੇ ਦੋਸ਼ੀਆਂ ਕਾਜਲ ਰਾਣੀ, ਮਹਿਲਾ ਪ੍ਰਧਾਨ ਸ਼ੀਲਾ ਰਾਣੀ, ਸ਼ਿੰਦਰ ਸਿੰਘ ਵਾਸੀ ਟਿਵਾਣਾ ਕਲਾਂ, ਹਰਪ੍ਰੀਤ ਸਿੰਘ, ਗਗਨਦੀਪ ਕੌਰ, ਪੰਕਜ 'ਤੇ ਕੇਸ ਦਰਜ ਕਰ ਲਿਆ ਹੈ। ਵਾਇਰਲ ਹੋਈ ਵੀਡੀਓ ਵਿੱਚ ਲੜਕੀ ਪੁਲਸ ਵੱਲੋਂ ਫੜੇ ਜਾਣ ਦੇ ਬਾਅਦ ਵਿਅਕਤੀ ਦੇ ਪੈਰਾਂ ਵਿੱਚ ਡਿੱਗ ਕੇ ਮੁਆਫੀ ਮੰਗਦੀ ਨਜ਼ਰ ਆ ਰਹੀ ਹੈ।
ਜਾਂਚ ਅਧਿਕਾਰੀ ਨੇ ਦੱਸਿਆ ਕਿ ਉਨ੍ਹਾਂ ਨੂੰ ਰਾਜ ਕੁਮਾਰ ਵਾਸੀ ਚੱਕ ਨਿਧਾਣਾ ਗੁਰੂ ਹਰਸਹਾਇ ਨੇ ਬਿਆਨ ਦਿਤੇ ਸਨ ਕਿ ਉਹ ਨਿਊ ਐੱਸ ਐੱਸ ਮਾਡਲ ਸਕੂਲ ਚੱਕ ਨਿਧਾਣਾ ਚਲਾ ਰਿਹਾ ਹੈ ਅਤੇ ਪਿਛਲੇ ਛੇ-ਸੱਤ ਮਹੀਨਿਆਂ ਤੋਂ ਕਾਜਲ ਰਾਣੀ ਵਾਸੀ ਅਮੀਰ ਖਾਸ ਨੂੰ ਜਾਣਦਾ ਹੈ। ਉਸ ਨੇ ਦੱਸਿਆ ਕਿ ਉਸ ਨੇ ਕਾਜਲ ਰਾਣੀ ਦੇ ਭਰਾ ਆਕਾਸ਼ਦੀਪ ਸਿੰਘ ਦੀ ਬਾਬਾ ਕੁੰਦਨ ਸਿੰਘ ਕਾਜਲ ਬੁਰਜ ਮੁਹਾਰ ਜੀਰਾ ਵਿੱਚ ਬੀ ਏ ਵਿੱਚ ਐਡਮਿਸ਼ਨ ਕਰਾਉਣ ਲਈ ਖੁਦ ਫੀਸ ਭਰੀ ਸੀ। ਜਦ ਉਸ ਨੇ ਕਾਜਲ ਰਾਣੀ ਤੋਂ ਫੀਸ ਦੇ ਪੈਸੇ ਮੰਗੇ ਤਾਂ ਉਹ ਟਾਲਣ ਲੱਗ ਪਈ। ਜਦ ਉਹ ਜਲਾਲਾਬਾਦ ਗਿਆ ਤਾਂ ਉਥੇ ਉਸ ਨੇ ਆਪਣੀ ਇੱਕ ਮਹਿਲਾ ਮਿੱਤਰ, ਜਿਸ ਨੂੰ ਉਹ ਗਗਨਦੀਪ ਕਹਿ ਰਹੀ ਸੀ, ਨੂੰ ਬੁਲਾਇਆ ਹੋਇਆ ਸੀ। ਉਸ ਨੇ ਕਾਜਲ ਤੋਂ ਫੀਸ ਦੀ ਰਕਮ ਮੰਗੀ ਤਾਂ ਉਹ ਧਮਕੀਆਂ ਦੇਣ ਲੱਗੀ ਕਿ ਉਹ ਆਪਣੀ ਦੋਸਤ ਗਗਨਦੀਪ ਨੂੰ ਹਸਪਤਾਲ ਦਾਖਲ ਕਰਵਾ ਅਤੇ ਮੈਡੀਕਲ ਕਰਵਾ ਕੇ ਉਸ 'ਤੇ ਬਲਾਤਕਾਰ ਦਾ ਕੇਸ ਦਰਜ ਕਰਵਾ ਦੇਵੇਗੀ।

# ਅੰਮ੍ਰਿਤਸਰ ਤੋਂ ਕਰਤਾਰਪੁਰ ਜਾਣ ਵਾਲੇ ਸ਼ਰਧਾਲੂਆਂ ਵਾਸਤੇ ਮੁਫ਼ਤ ਬੱਸ ਸੇਵਾ ਸ਼ੁਰੂ

ਅੰਮ੍ਰਿਤਸਰ, 4 ਮਾਰਚ (ਪੋਸਟ ਬਿਊਰੋ)- ਪਾਕਿਸਤਾਨ ਵਿਚਲੇ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨ ਜਾਂਦੇ ਸ਼ਰਧਾਲੂਆਂ ਦੀ ਸਹੂਲਤ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਈ ਮਹੀਨਿਆਂ ਦੀ ਉਡੀਕ ਪਿੱਛੋਂ ਕੱਲ੍ਹ ਅੰਮ੍ਰਿਤਸਰ ਤੋਂ ਡੇਰਾ ਬਾਬਾ ਨਾਨਕ ਲਾਂਘੇ ਤੱਕ ਲਈ ਵਿਸ਼ੇਸ਼ ਮੁਫ਼ਤ ਬੱਸ ਸੇਵਾ ਸ਼ੁਰੂ ਕਰ ਦਿੱਤੀ ਹੈ।



ਕੱਲ੍ਹ ਸ਼ੁਰੂ ਕੀਤੀ ਗਈ ਇਸ ਬੱਸ ਨੂੰ ਝੰਡੀ ਦਿਖਾਉਂਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਸ਼੍ਰੋਮਣੀ ਕਮਟੀ ਵੱਲੋਂ ਕਰਤਾਰਪੁਰ ਸਾਹਿਬ ਵਿਖੇ ਰਾਗੀ ਜਥੇ ਵੀ ਜਲਦੀ ਭੇਜਣੇ ਸ਼ੁਰੂ ਕੀਤੇ ਜਾਣਗੇ। ਸਥਾਨਕ ਵਿਰਾਸਤੀ ਮਾਰਗ ਉੱਤੇ ਗੁਰਦੁਆਰਾ ਸਾਰਾਗੜ੍ਹੀ ਸਾਹਿਬ ਤੋਂ ਪਹਿਲੀ ਬੱਸ ਨੂੰ ਰਵਾਨਾ ਕਰਨ ਵੇਲੇ ਲੌਂਗੋਵਾਲ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਕਰਤਾਰਪੁਰ ਸਾਹਿਬ ਜਾਣ ਵਾਲੀਆਂ ਸੰਗਤਾਂ ਨੂੰ ਸਹੂਲਤਾਂ ਦੇਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਇਹ ਬੱਸ ਸਵੇਰੇ ਅੱਠ ਵਜੇ ਗੁਰਦੁ-ਆਰਾ ਸਾਰਾਗੜ੍ਹੀ ਸਾਹਿਬ ਕੋਲੋਂ ਚੱਲਿਆ ਕਰੇਗੀ ਤੇ ਸ਼ਾਮ ਨੂੰ ਡੇਰਾ ਬਾਬਾ ਨਾਨਕ ਲਾਂਘੇ ਤੋਂ ਸੰਗਤਾਂ ਨੂੰ ਲੈ ਕੇ ਅੰਮ੍ਰਿਤਸਰ ਆਇਆ ਕਰੇਗੀ।

# ਰਾਜ ਵੜਿੰਗ ਕਹਿਣ ਲੱਗੇ, ਪੰਜਾਬ ਸਰਕਾਰ ਟਰਾਂਸਪੋਰਟ ਪਾਲਿਸੀ ਲਿਆਵੇ, ਰੇਤ ਮੁਫਤ ਕਰੇ, ਫਿਰ ਭਾਵੇਂ ਘਰ ਸੁੱਤੇ ਰਹੋ

ਚੰਡੀਗੜ੍ਹ, 4 ਮਾਰਚ (ਪੋਸਟ ਬਿਊਰੋ)- ਪੰਜਾਬ ਦੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਕੱਲ੍ਹ ਓਦੋਂ ਵਿਧਾਨ ਸਭਾ ਵਿੱਚ ਕਸੂਤੀ ਫਸ ਗਈ, ਜਦੋਂ ਆਪਣੇ ਹੀ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਸਰਕਾਰ ਦੀਆਂ ਕਮਜ਼ੋਰੀਆਂ ਪੇਸ਼ ਕਰ ਦਿੱਤੀਆਂ। ਬਜਟ ਉੱਤੇ ਬਹਿਸ ਵਿੱਚ ਹਿੱਸਾ ਲੈਂਦੇ ਹੋਏ ਵੜਿੰਗ ਨੇ ਕਿਹਾ ਕਿ ਟਰਾਂਸਪੋਰਟ ਦੀ ਕਮਾਨ ਸਰਕਾਰ ਦੇ ਹੱਥ ਹੋਣ ਦੀ ਥਾਂ ਮਾਫੀਆ ਦੇ ਕੋਲ ਹੈ, ਸਾਨੂੰ ਲੋਕਾਂ ਸਾਹਮਣੇ ਸ਼ਰਮਿੰਦਗੀ ਦਾ ਸਾਹਮਣਾ ਕਰਨਾ ਪੈਂਦਾ ਹੈ।



ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਹਾਜ਼ਰੀ ਵਿੱਚ ਅਮਰਿੰਦਰ ਸਿੰਘ ਰਾਜ ਵੜਿੰਨ ਨੇ ਕਿਹਾ, ਟਰਾਂਸਪੋਰਟ ਪਾਲਿਸੀ ਲਿਆਓ, ਰੇਤ ਮੁਫਤ ਕਰੋ, ਉਸ ਦੇ ਬਾਅਦ ਭਾਵੇਂ ਘਰ ਸੁੱਤੇ ਰਹੋ ਤੇ ਕੁਝ ਨਾ ਕਰੋ। ਰੇਤ ਤੋਂ ਸਰਕਾਰ ਨੂੰ ਤਿੰਨ ਲੱਖ ਰੁਪਏ ਮਾਲੀਆ ਆਉਂਦਾ ਹੈ, ਪਰ ਬਦਨਾਮੀ ਬਹੁਤ ਹੁੰਦੀ ਹੈ। ਉਨ੍ਹਾ ਨੇ ਕਿਹਾ, ਤਿੰਨ ਸਾਲ ਤੋਂ ਸਰਕਾਰ ਟਰਾਂਸਪੋਰਟ ਪਾਲਿਸੀ ਨਹੀਂ ਲਿਆ ਸਕੀ। ਫਰੀਦਕੋਟ ਦੇ ਰੀਜ਼ਨਲ ਟਰਾਂਸਪੋਰਟ ਅਥਾਰਟੀ (ਆਰ ਟੀ ਏ) ਨੇ ਪੀ ਆਰ ਟੀ ਸੀ ਦੀਆਂ ਬਸਾਂ ਚਲਾਈਆਂ, ਪਰ ਅਧਿਕਾਰੀ ਹਰਦੀਪ ਸਿੰਘ ਨੇ ਉਸ ਦਾ ਰੂਟ ਗਲਤ ਬਣਾ ਦਿੱਤਾ। ਅਧਿਕਾਰੀ ਦੇ ਖਿਲਾਫ ਗਬਨ ਦਾ ਕੇਸ ਦਰਜ ਹੈ ਅਤੇ ਉਹ ਫਰਾਰ ਹੈ। ਜਦ ਮੰਤਰੀ ਨੂੰ ਆਰ ਟੀ ਏ ਨੂੰ ਹਟਾਉਣ ਲਈ ਕਿਹਾ ਜਾਂਦਾ ਹੈ ਤਾਂ ਉਹ ਕਹਿੰਦੇ ਹਨ ਕਿ ਉਪਰ ਤੋਂ ਅਧਿਕਾਰੀ ਲੱਗਾ ਹੈ। ਸਮਝ ਵਿੱਚ ਨਹੀਂ ਆਉਂਦਾ ਉਪਰ ਕੌਣ ਹੈ। ਵਿਧਾਇਕ ਰਾਜ ਵੜਿੰਗ ਨੇ ਕਿਹਾ ਕਿ ਪੰਜਾਬ ਵਿੱਚ ਸ਼ਰਾਬ ਸਭ ਤੋਂ ਮਹਿੰਗੀ ਹੈ, ਇਸ ਦੇ ਬਾਵਜੂਦ ਟੈਕਸ ਕਮਾਈ ਘੱਟ ਹੈ। ਇਸ ਦੇ ਲਈ ਅਧਿਕਾਰੀਆਂ ਦੀ ਜ਼ਿੰਮੇਵਾਰੀ ਤੈਅ ਹੋਣੀ ਚਾਹੀਦੀ ਹੈ। ਡਿਸਟਲਰੀ ਤੋਂ ਦੋ ਟਰੱਕ ਸ਼ਰਾਬ ਇੱਕ ਨੰਬਰ ਵਿੱਚ ਨਿਕਲਦੀ ਹੈ ਤਾਂ ਅੱਠ ਟਰੱਕ ਦੋ ਨੰਬਰ ਵਿੱਚ ਜਾਂਦੇ ਹਨ। ਮੰਤਰੀ ਰਜ਼ੀਆ ਸੁਲਤਾਨਾ ਨੇ ਅਧਿਕਾਰੀ ਨੂੰ ਹਟਾਉਣ ਦੀ ਸਿਫਾਰਸ਼ ਕਰਨ ਦਾ ਭਰੋਸਾ ਦਿੱਤਾ।

# ਅਮਰੀਕਾ ਭੇਜਣ ਦੇ ਨਾਂਅ ਉੱਤੇ 60 ਲੱਖ ਦੀ ਠੱਗੀ ਮਾਰ ਲਈ

ਜਲੰਧਰ, 4 ਮਾਰਚ (ਪੋਸਟ ਬਿਊਰੋ)- ਪਰਿਵਾਰ ਸਮੇਤ ਅਮਰੀਕਾ ਸੈਟਲ ਹੋਣ ਦੀ ਆਸ ਰੱਖ ਕੇ ਇੱਕ ਵਿਅਕਤੀ ਨੇ 60 ਲੱਖ ਰੁਪਏ ਕਿਸੇ ਨੂੰ ਦਿੱਤੇ, ਪਰ ਅਮਰੀਕਾ ਪਹੁੰਚਾਉਣ ਦੀ ਥਾਂ ਉਨ੍ਹਾਂ ਨੂੰ ਧੋਖਾ ਦਿੱਤਾ ਗਿਆ। ਪੀੜਤ ਨੇ ਇਸ ਬਾਰੇ ਪੁਲਸ ਨੂੰ ਸ਼ਿਕਾਇਤ ਦਿੱਤੀ ਤਾਂ ਜਾਂਚ ਤੋਂ ਬਾਅਦ ਥਾਣਾ ਪੰਜ ਦੀ ਪੁਲਸ ਨੇ ਕੇਸ ਦਰਜ ਕਰ ਕੇ ਦੋ ਭਰਾਵਾਂ ਨੂੰ ਨਾਮਜ਼ਦ ਕੀਤਾ ਤੇ ਇੱਕ ਭਰਾ ਨੂੰ ਗ੍ਰਿਫਤਾਰ ਕਰ ਕੇ ਉਸ ਦਾ ਸਿਵਲ ਹਸਪਤਾਲ 'ਚ ਮੈਡੀਕਲ ਕਰਵਾ ਲਿਆ ਹੈ। ਜਾਂਚ ਅਧਿਕਾਰੀ ਐੱਸ ਆਈ ਸੋਢੀ ਲਾਲ ਨੇ ਦੱਸਿਆ ਕਿ ਉਨ੍ਹਾਂ ਨੇ ਇਸ ਕੇਸ 'ਚ ਲੋੜੀਂਦੇ ਦੋਸ਼ੀ ਨਿਤਿਨ ਕੁਮਾਰ ਪੁੱਤਰ ਵਿਨੋਦ ਕੁਮਾਰ ਵਾਸੀ ਗਾਂਧੀ ਕੈਂਪ ਬਟਾਲਾ ਜ਼ਿਲਾ ਗੁਰਦਾਸਪੁਰ ਨੂੰ ਉਸ ਦੇ ਘਰੋਂ ਗ੍ਰਿਫਤਾਰ ਕੀਤਾ ਹੈ। ਨਿਤਿਨ ਤੇ ਉਸ ਦੇ ਵੱਡੇ ਭਰਾ ਮੁਕੇਸ਼ ਨੇ ਬਸਤੀ ਨੌਂ ਦੇ ਵਾਸੀ ਨਰੇਸ਼ ਪੁੱਤਰ ਸ਼ਾਮ ਲਾਲ ਦੇ ਪਰਵਾਰ ਨੂੰ ਅਮਰੀਕਾ ਸੈਟਲ ਕਰਨ ਦਾ ਝਾਂਸਾ ਦੇ ਕੇ 60 ਲੱਖ ਦੀ ਠੱਗੀ ਮਾਰੀ ਹੈ। ਪੀੜਤ ਨੇ ਕੈਸ਼ ਦੇਣ ਦੇ ਨਾਲ ਕਾਫੀ ਰਕਮ ਦੋਸ਼ੀ ਦੇ ਬੈਂਕ ਅਕਾਊਂਟ ਵਿੱਚ ਵੀ ਟਰਾਂਸਫਰ ਕੀਤੀ। ਪੈਸੇ ਲੈਣ ਪਿੱਛੋਂ ਪੀੜਤ ਨੂੰ ਦੋਸ਼ੀ ਨਿਤਿਨ ਨੇ ਨਾ ਪੈਸੇ ਵਾਪਸ ਕੀਤੇ ਤੇ ਨਾ ਵਿਦੇਸ਼ ਭੇਜਿਆ ਸੀ। ਇਸ ਦੇ ਬਾਅਦ ਪੀੜਤ ਨੇ ਆਪਣੀ ਪਤਨੀ, ਬੇਟੇ ਅਤੇ ਬੇਟੀ ਨੂੰ ਵਿਦੇਸ਼ ਭੇਜਣ ਦਾ ਮਨ ਬਣਾਇਆ ਅਤੇ ਚਾਰਾਂ ਦੇ ਭਾਰਤੀ ਪਾਸ-ਪੋਰਟ ਵੀ ਆਪਣੇ ਕੋਲ ਰੱਖ ਲਏ। ਐੱਸ ਆਈ ਸੋਢੀ ਲਾਲ ਨੇ ਦੱਸਿਆ ਕਿ ਪੁਲਸ ਨੇ ਨਰੇਸ਼ ਅਤੇ ਉਸ ਦੀ ਪਤਨੀ ਦੇ ਪਾਸ-ਪੋਰਟ ਬਰਾਮਦ ਕਰ ਲਏ ਅਤੇ ਦੋਸ਼ੀ ਨੂੰ ਅਦਾਲਤ ਵਿੱਚ ਪੇਸ਼ ਕਰ ਕੇ ਇੱਕ ਦਿਨ ਦਾ ਪੁਲਸ ਰਿਮਾਂਡ ਲਿਆ ਹੈ।

# ਚੰਡੀਗੜ੍ਹ ਪਾਸਪੋਰਟ ਦਫ਼ਤਰ ਦਾ ਸਹਾਇਕ ਸੁਪਰਡੈਂਟ ਤੇ ਵਿਚੋਲਾ 30 ਹਜ਼ਾਰ ਰਿਸ਼ਵਤ ਲੈਂਦੇ ਕਾਬੂ

ਚੰਡੀਗੜ੍ਹ, 4 ਮਾਰਚ (ਪੋਸਟ ਬਿਊਰੋ)- ਸੈਕਟਰ 34 ਚੰਡੀਗੜ੍ਹ ਵਿਚਲੇ ਖੇਤਰੀ ਪਾਸਪੋਰਟ ਦਫ਼ਤਰ ਵਿੱਚ ਅਸਿਸਟੈਂਟ ਸੁਪ੍ਰਿੰਟੈਂਡੈਂਟ ਅਤੇ ਇੱਕ ਵਿਚੋਲੇ ਨੂੰ ਸੈਂਟਰਲ ਬਿਊਰੋ ਆਫ਼ ਇੰਵੈਸਟੀਗੇਸ਼ਨ (ਸੀ ਬੀ ਆਈ) ਦੀ ਟੀਮ ਨੇ 30 ਹਜ਼ਾਰ ਰੁਪਏ ਦੀ ਰਿਸ਼ਵਤ ਲੈਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਹੈ।



ਸੀ ਬੀ ਆਈ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਦੋਵਾਂ ਦੋਸ਼ੀਆਂ ਦੀ ਪਛਾਣ ਅਸਿਸਟੈਂਟ ਸੁਪਰਡੈਂਟ ਰਾਜੀਵ ਖੇਤਰਪਾਲ ਅਤੇ ਵਿਚੋਲੇ ਬਲਿੰਦਰ ਸਿੰਘ ਵਜੋਂ ਹੋਈ ਹੈ। ਇਸ ਬਾਰੇ ਸੀ ਬੀ ਆਈ ਨੂੰ ਦਿੱਤੀ ਅਰਜ਼ੀ ਵਿੱਚ ਸੰਗਰੂਰ ਦੇ ਜਗਦੀਸ਼ ਨੇ ਦੱਸਿਆ ਕਿ ਉਸ ਨੇ ਆਪਣਾ ਪਾਸਪੋਰਟ ਰੀਨਿਊ ਕਰਾਉਣ ਲਈ ਆਨਲਾਈਨ ਪੋਰਟਲ ਰਾਹੀਂ ਇੱਕ ਅਰਜ਼ੀ ਪਾਸਪੋਰਟ ਦਫ਼ਤਰ ਨੂੰ ਭੇਜੀ ਸੀ। ਇਸ ਪਿੱਛੋਂ ਵਿਚੋਲੇ ਬਲਿੰ-ਦਰ ਸਿੰਘ ਨੇ ਉਸ ਨੂੰ ਮਿਲ ਕੇ ਖ਼ੁਦ ਨੂੰ ਪਾਸਪੋਰਟ ਦਫ਼ਤਰ ਦਾ ਕਰਮਚਾਰੀ ਦੱਸ ਕੇ ਉਸ ਤੋਂ 25-30 ਹਜ਼ਾਰ ਰੁਪਏ ਰਿਸ਼ਵਤ ਮੰਗੀ ਤੇ ਉਸ ਨੂੰ ਧਮਕਾਇਆ ਕਿ ਜੇ ਉਹ ਰਿਸ਼ਵਤ ਦੇ ਪੈਸੇ ਨਹੀਂ ਦੇਵੇਗਾ ਤਾਂ ਉਸ ਦੀ ਪਾਸ-ਪੋਰਟ ਰੀਨਿਊ ਕਰਾਉਣ ਦੀ ਅਰਜ਼ੀ ਰੱਦ ਕਰ ਦਿੱਤੀ ਜਾਵੇਗੀ। ਸ਼ਿਕਾਇਤ ਉੱਤੇ ਸੀ ਬੀ ਆਈ ਦੀ ਟੀਮ ਨੇ ਟ੍ਰੈਪ ਲਾਇਆ ਅਤੇ ਵਿਚੋਲੇ ਨੂੰ 30 ਹਜ਼ਾਰ ਰੁਪਏ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਗ੍ਰਿਫ਼ਤਾਰ ਕਰ ਲਿਆ। ਉਸ ਨੇ ਸੀ ਬੀ ਆਈ ਨੂੰ ਦੱਸਿਆ ਕਿ ਇਹ ਪੈਸੇ ਪਾਸਪੋਰਟ ਦਫ਼ਤਰ ਦੇ ਅਸਿਸਟੈਂਟ ਸੁਪਰਡੈਂਟ ਨਾਲ ਵੰਡੇ ਜਾਣੇ ਹਨ। ਵਿਚੋਲ ਨੇ ਅਸਿਸਟੈਂਟ ਸੁਪਰਡੈਂਟ ਨੂੰ ਫ਼ੋਨ ਕਰਕੇ ਦੱਸਿਆ ਕਿ ਰਿਸ਼ਵਤ ਦੇ ਪੈਸੇ ਮਿਲ ਚੁੱਕੇ ਹਨ, ਜਿਸ ਪਿੱਛੋਂ ਸੀ ਬੀ ਆਈ ਨੇ ਅਸਿਸਟੈਂਟ ਸੁਪਰਡੈਂਟ ਨੂੰ ਵੀ ਗ੍ਰਿਫ਼ਤਾਰ ਕਰ ਲਿਆ। ਦੋਵਾਂ ਨੂੰ ਸੀ ਬੀ ਆਈ ਦੀ ਵਿਸ਼ੇਸ਼ ਅਦਾਲਤ ਵਿੱਚ ਪੇਸ਼ ਕੀਤਾ ਗਿਆ ਜਿੱਥੋਂ ਅਦਾਲਤ ਨੇ ਦੋਵਾਂ ਨੂੰ 14 ਦਿਨਾਂ ਦੀ ਜੁਡੀਸ਼ਲ ਹਿਰਾਸਤ ਵਿੱਚ ਭੇਜ ਦਿੱਤਾ ਹੈ।

# ਜੇਲ੍ਹ 'ਚੋਂ ਕੈਦੀ ਨੇ ਵੀਡੀਓ ਵਾਇਰਲ ਕਰ ਕੇ ਦੋਸ਼ ਲਾਏ

ਪਟਿਆਲਾ, 4 ਮਾਰਚ (ਪੋਸਟ ਬਿਊਰੋ)- ਕੇਂਦਰੀ ਜੇਲ੍ਹ ਪਟਿਆਲਾ ਦੇ ਕੈਦੀ ਵੱਲੋਂ ਵੀਡੀਓ ਬਣਾ ਕੇ ਸੋਸ਼ਲ ਮੀਡੀਆ 'ਤੇ ਵਾਇਰਲ ਕਰਨ ਨਾਲ ਪਹਿਲਾਂ ਤੋਂ ਵਿਵਾਦਾਂ 'ਚ ਘਿਰੇ ਜੇਲ੍ਹ ਅਧਿਕਾਰੀਆਂ 'ਤੇ ਉਸ ਨੇ ਬੁਰੀ ਤਰ੍ਹਾਂ ਕੁੱਟਮਾਰ ਕਰਨ ਦੇ ਦੋਸ਼ ਲਾਏ ਅਤੇ ਆਪਣੇ ਸਰੀਰ 'ਤੇ ਪਏ ਨੀਲ ਵੀ ਵਿਖਾਏ ਹਨ। ਕੈਦੀ ਦਾ ਦੋਸ਼ ਹੈ ਕਿ ਜੇਲ੍ਹ ਅਧਿਕਾਰੀਆਂ ਵੱਲੋਂ ਕੈਦੀਆਂ ਨਾਲ ਅਜਿਹੇ ਵਰਤਾਰਾ ਸੇਵਾ-ਪਾਣੀ ਨਾ ਕਰਨ ਕਰਕੇ ਕੀਤਾ ਜਾਂਦਾ ਹੈ।

ਦੀਪਕ ਸ਼ਰਮਾ ਨਾਂਅ ਦੇ ਕੈਦੀ ਨੇਂ ਜੇਲ੍ਹ ਦੀ ਇੱਕ ਬੈਰਕ ਵਿੱਚ ਆਪਣੇ ਕਿਸੇ ਸਾਥੀ ਤੋਂ ਬਣਵਾਈ ਵੀਡੀਓ ਰਾਹੀਂ ਸਪੱਸ਼ਟ ਕੀਤਾ ਹੈ ਕਿ ਜੇਲ੍ਹ ਦੇ ਦੋ ਅਧਿਕਾਰੀਆਂ ਦੀ ਅਗਵਾਈ 'ਚ ਉਸ ਦੀ ਬੈਰਕ ਵਿੱਚ ਆਏ ਦਰਜਨ ਦੇ ਕਰੀਬ ਜੇਲ੍ਹ ਮੁਲਾਜ਼ਮਾਂ ਨੇ ਉਸ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ। ਉਸ ਨੇ ਕੈਮਰੇ ਸਾਹਮਣੇ ਕੱਪੜੇ ਉਤਾਰ ਕੇ ਆਪਣੀ ਪਿੱਠ ਅਤੇ ਲੱਤਾਂ 'ਤੇ ਪਏ ਨੀਲ ਵੀ ਵਿਖਾਏ ਹਨ। ਇਸ ਕੈਦੀ ਦਾ ਕਹਿਣਾ ਸੀ ਕਿ ਇਹ ਨਿਸ਼ਾਨ ਉਸ 'ਤੇ ਕੀਤੇ ਤਸ਼ੱਦਦ ਦੌਰਾਨ ਪਏ ਹਨ। ਉਹ ਇਸ ਕੁੱਟਮਾਰ ਦਾ ਕਾਰਨ ਪੈਸੇ ਨਾ ਦੇਣਾ ਦੱਸਦਾ ਹੈ। ਉਸ ਨੇ ਕਿਹਾ ਹੈ ਕਿ ਉਸ ਨੂੰ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ ਕਿ ਜੇ ਉਸ ਨੇ ਪੈਸੇ ਨਾ ਦਿੱਤੇ ਤਾਂ ਉਸ ਨੂੰ ਜੇਲ੍ਹ ਵਿਚਲੇ ਲੰਗਰ ਜਾਂ ਖੇਤੀ ਦੇ ਕੰਮ ਪਾ ਦਿੱਤਾ ਜਾਵਗਾ। ਇਸ ਸਬੰਧੀ ਉਸ ਨੇ ਅਦਾਲਤੀ ਅਧਿਕਾਰੀਆਂ ਤੋਂ ਦੋਸ਼ੀ ਜੇਲ੍ਹ ਅਧਿਕਾਰੀਆਂ ਅਤੇ ਸਟਾਫ ਦੇ ਖ਼ਿਲਾਫ਼ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਕੈਦੀ ਨੇ ਦੋ ਮਹੀਨੇ ਪਹਿਲਾਂ ਆਏ ਜੇਲ੍ਹ ਸੁਪਰਡੈਂਟ ਐਸ ਪੀ ਖੰਨਾ ਦੀ ਸ਼ਲਾਘਾ ਵੀ ਕੀਤੀ ਹੈ। ਉਸ ਦਾ ਕਹਿਣਾ ਹੈ ਕਿ ਹੇਠਲਾ ਸਟਾਫ ਹੀ ਕੈਦੀਆਂ ਨੂੰ ਤੰਗ ਕਰਦਾ ਹੈ। ਜੇਲ੍ਹ ਸੁਪਰਡੈਂਟ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਕੈਦੀ ਦੀ ਸ਼ਿਕਾਇਤ ਮਿਲਣ 'ਤੇ ਉਸ ਦਾ ਮੈਡੀਕਲ ਕਰਵਾ ਕੇ ਜਾਂਚ ਆਰੰਭ ਦਿੱਤੀ ਗਈ ਹੈ।

# ਸਹੁਰਿਆਂ ਤੋਂ ਤੰਗ ਆਈ ਵਿਆਹੁਤਾ ਨੇ ਫਾਹਾ ਲਿਆ

ਤਰਨ ਤਾਰਨ, 4 ਮਾਰਚ (ਪੋਸਟ ਬਿਊਰੋ)- ਪਿੰਡ ਠੱਠਗੜ੍ਹ ਦੀ ਵਿਆਹੁਤਾ ਨੇ ਆਪਣੇ ਸਹੁਰਾ ਪਰਵਾਰ ਦੇ ਤਸ਼ੱਦਦ ਤੋਂ ਤੰਗ ਆ ਸਹੁਰਾ ਘਰ ਵਿੱਚ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ ਹੈ। ਮ੍ਰਿਤਕਾ ਦੀ ਪਛਾਣ 25 ਸਾਲਾ ਰਾਣੀ ਵਜੋਂ ਕੀਤੀ ਗਈ ਹੈ। ਇਸ ਬਾਰੇ ਝਬਾਲ ਪੁਲਸ ਨੇ ਮ੍ਰਿਤਕਾ ਦੇ ਪਤੀ ਕਿਰਪਾਲ ਸਿੰਘ, ਸਹੁਰਾ ਬਾਂਜ ਸਿੰਘ ਅਤੇ ਜੇਠ ਜੱਸਾ ਸਿੰਘ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਮ੍ਰਿਤਕਾ ਦੇ ਪਿਤਾ ਗੁਰਬਖਸ਼ ਸਿੰਘ ਵਾਸੀ ਅੰਮ੍ਰਿਤਸਰ ਨੇ ਪੁਲਸ ਨੂੰ ਦੱਸਿਆ ਕਿ ਉਸ ਦੀ ਲੜਕੀ ਰਾਣੀ ਦੀ ਸ਼ਾਦੀ ਕਰੀਬ ਪੰਜ ਸਾਲ ਪਹਿਲਾਂ ਕਿਰਪਾਲ ਸਿੰਘ ਨਾਲ ਹੋਈ ਸੀ। ਉਸ ਦੇ ਸਹੁਰਾ ਪਰਵਾਰ ਵਾਲੇ ਉਸ ਨੂੰ ਦਹੇਜ ਘੱਟ ਲਿਆਉਣ ਦੀ ਆੜ ਵਿੱਚ ਮਾਰ-ਕੁੱਟ ਕਰਦੇ ਸਨ। ਲੜਕੀ ਅਜੇ ਕੁਝ ਚਿਰ ਪਹਿਲਾਂ ਹੀ ਪੇਕੇ ਘਰੋਂ ਇੱਕ ਲੱਖ ਰੁਪਏ ਉਨ੍ਹਾਂ ਨੂੰ ਦੇਣ ਲਈ ਲਿਆਈ ਸੀ ਤੇ ਉਸ ਨੇ ਕਾਰ ਲਿਆਉਣ ਦਾ ਦਬਾਅ ਪਾਇਆ ਜਾ ਰਿਹਾ ਸੀ। ਕੱਲ੍ਹ ਸ਼ਾਮ ਉਸ ਨੇ ਆਪਣੇ ਪਿਤਾ ਨੂੰ ਫੋਨ ਕਰਕੇ ਉਸ ਦੇ ਪਤੀ ਤੇ ਹੋਰਨਾਂ ਵੱਲੋਂ ਮਾਰ ਕੁੱਟ ਕਰਨ ਦੀ ਸ਼ਿਕਾਇਤ ਕੀਤੀ ਪਰ ਉਸਦੇ ਛੇਤੀ ਬਾਅਦ ਕਿਰਪਾਲ ਸਿੰਘ ਨੇ ਆਪਣੇ ਸਹੁਰਿਆਂ ਨੂੰ ਫੋਨ ਕਰਕੇ ਲੜਕੀ ਵੱਲੋਂ ਘਰ ਅੰਦਰ ਫਾਹਾ ਲੈਣ ਬਾਰੇ ਸੂਚਨਾ ਦਿੱਤੀ। ਲੜਕੀ ਦੇ ਪੇਕੇ ਘਰ ਵਾਲੇ ਉਸ ਨੂੰ ਗੰਭੀਰ ਹਾਲਤ ਵਿੱਚ ਅੰਮ੍ਰਿਤਸਰ ਦੇ ਹਸਪਤਾਲ ਲੈ ਕੇ ਜਾ ਰਹੇ ਸਨ ਕਿ ਉਹ ਰਾਹ ਵਿੱਚ ਹੀ ਦਮ ਤੋੜ ਗਈ। ਪੁਲਸ ਨੇ ਕੇਸ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕੀਤੀ ਹੈ।

A/Z CITY DRIVER WANTED

INNOVATION Transportation

- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour

- 7 Days Work
- All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ

Call : 416- 268-9952

70 Delta Park Blvd, Unit # 4, Brampton

## ਲੜਕੀ ਦੀ ਲੋੜ

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207




Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਜੱਟ ਸਿਖ, 40 ਸਾਲ ਉਮਰ, 1/5 ਸਾਲਾ ਦਾ ਲੜਕਾ, ਬੀ ਫਾਰਮੇਸੀ, ਅਪਨਾ ਬਿਜ਼ਨਸ ਤੇ ਜ਼ਮੀਨ ਜ਼ਾਇਦਾਦ, ਪੰਜਾਬ ਫੀਰੋਜ਼ਪੁਰ ਤੋ, ਵੀਜ਼ਟਰ ਵਿਜੇ ਤੇ ਆਏ ਲਈ ਪੀ-ਆਰ ਜਾਂ ਵੱਰਕ ਪਰਮਿਟ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿੱਚ ਵੈਲ-ਸੈਟਲਡ ਹੈ। ਸੰਪਰਕ ਕਰੋ: 647-625-5706

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ੂਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 I +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਨਾਈ ਸਿੱਖ ਲੜਕਾ, ਕਲੀਨ ਸ਼ੇਵਡ, ਉੱਮਰ 34 ਸਾਲ, ਕੱਦ 6 ਫੁੱਟ, ਕੈਨੇਡੀਅਨ ਸਿਟੀਜਨ, ਸ਼ਾਕਾ ਹਾਰੀ, ਨਸ਼ਾ ਰਹਿਤ, ਵੈਲ ਸੈਟਲਡ, ਆਪਣਾ ਕਾਰੋਬਾਰ, ਤਲਾਕਸੁਦਾ ਲਈ ਖਾਨਦਾਨੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ, ਵਰਕ ਪਰਮਟ,ਵੀਜ਼ੇਟਰ ਵੀਜ਼ੇ ਤੇ ਆਏ ਜਾਂ ਤਲਾਕਸ਼ਦਾ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਕਰੋ: 416-524-8713

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉੱਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੇਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੂਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

## ਲੜਕੇ ਦੀ ਲੋੜ

ਲੁਬਾਣਾ ਸਿੱਖ ਪਰਿਵਾਰ, ਉੱਮਰ 26 ਸਾਲ, ਕੱਦ 5'5'', ਕੈਨੇਡੀਅਨ ਯੂਨੀਵਰਸਿਟੀ ਤੋਂ ਬੀ ਐਸ ਸੀ ਡੀਗਰੀ ਪ੍ਰਾਪਤ ਕੀਤੀ ਹੈ ਅਤੇ ਆਪਣੀ ਫੀਲਡ ਵਿੱਚ ਹੀ ਚੰਗੀ ਜੋਬ ਕਰ ਰਹੀ ਹੈ ਲਈ ਚੰਗੇ, ਯੋਗ ਅਤੇ ਪੜੇ ਲਿਖੇ ਲੜਕੇ ਦੀ ਲੋੜ ਹੈ। ਜੀ ਟੀ ਏ ਨੂੰ ਪਹਿਲ। ਕਾਲ ਕਰੋ : 647-938-9464

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖ਼ੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com




## ਲੜਕੇ ਦੀ ਲੋੜ

ਜੱਟ ਸਿੱਖ ਗਿਲ ਲੜਕੀ, ਉਮਰ 23 ਸਾਲ, ਕੱਦ 5'-3'', ਨੈਨੀ ਬੇਸ ਤੇ ਆਏ ਲੜਕੀ ਲਈ ਕੈਨੇਡੀਅਨ P.R ਜਾਂ ਸਿਟੀਜ਼ਨ ਲੜਕੇ (25 ਤੋਂ 30 ਸਾਲਾ ਉਮਰ) ਦੀ ਲੋੜ ਹੈ। ਸੰਪਰਕ ਕਰੋ: 437-221-4002

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'1'', ਸਟਡੀ ਵੀਜੇ ਤੇ ਆਈ, M.A (English) & Education Technology Diploma ਲੜਕੀ ਲਈ, ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ।ਸੰਪਰਕ ਕਰੋ : 647-994-1985 I 416-494-9943

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710




ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ

15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ

(905)790-9999

2565 Steeles Ave. E, Brampton (Steeles/Torbram)



# ਵਿਦੇਸ਼ਾਂ ਚ ਵੱਸਦੇ ਲੇਖਕਾਂ ਦੀਆਂ ਲਿਖਤਾਂ ਚ ਗਲੋਬਲ ਪੰਜਾਬੀ ਦਾ ਮੁਹਾਂਦਰਾ ਅਜੇ ਨਹੀਂ ਉੱਘੜਿਆ : ਪਰਵੇਜ਼ ਸੰਧੂ

ਲੁਧਿਆਣਾ, 4 ਮਾਰਚ (ਗਿਆਨ ਸਿੰਘ): ਅਮਰੀਕਾ ਚ ਪਿਛਲੇ 35 ਸਾਲ ਤੋਂ ਵੱਸਦੀ ਪ੍ਰੌਢ ਪੰਜਾਬੀ ਕਹਾਣੀਕਾਰ ਪਰਵੇਜ਼ ਸੰਧੂ ਦੇ ਸਵਾਗਤ ਵਿੱਚ ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਿਜ ਲੁਧਿਆਣਾ ਦੇ ਪਰਵਾਸੀ ਸਾਹਿੱਤ ਅਧਿਐਨ ਕੇਂਦਰ ਵੱਲੋਂ ਸਮਾਗਮ ਕਰਵਾਇਆ ਗਿਆ ਜਿਸ ਦੀ ਪ੍ਰਧਾਨਗੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਡਾ: ਐੱਸ ਪੀ ਸਿੰਘ ਨੇ ਕੀਤੀ।

ਇਸ ਮੌਕੇ ਬੋਲਦਿਆਂ ਪਰਵੇਜ਼ ਸੰਧੂ ਨੇ ਕਿਹਾ ਕਿ ਬਦੇਸ਼ਾਂ ਚ ਵੱਸਦੇ ਲੇਖਕਾਂ ਦੀਆਂ ਲਿਖਤਾਂ ਚੋਂ ਹਾਲੇ ਗਲੋਬਲ ਪੰਜਾਬੀ ਦਾ ਮੁਹਾਂਦਰਾ ਨਹੀਂ ਉੱਘੜਿਆ। ਅਜੇ ਵੀ ਸਾਡੀ ਲਿਖਤ ਵਿੱਚ ਪੰਜਾਬ ਹੀ ਗੂੰਜਦਾ ਹੈ। ਬਦੇਸ਼ਾਂ ਚ ਸੱਜਰੇ ਵੱਸੇ ਪੜ੍ਹੇ ਲਿਖੇ ਨੌਜਵਾਨਾਂ ਤੋਂ ਆਸ ਕੀਤੀ ਜਾ ਸਕਦੀ ਹੈ ਕਿ ਉਹ ਸਮਾਜਿਕ ਯਥਾਰਥ ਨੂੰ ਗਲੋਬਲ ਪ੍ਰਸੰਗ ਚ ਸਮਝ ਕੇ ਲਿਖਤ ਦਾ ਸਰੂਪ ਉਘਾੜਨਗੇ।

ਪਰਵੇਜ਼ ਸੰਧੂ ਹੁਣ ਤੀਕ ਤਿੰਨ ਕਹਾਣੀ ਸੰਗ੍ਰਹਿ ਮੁੱਠੀ ਭਰ ਸੁਪਨੇ, ਟਾਹਣੀਉਂ ਟੁੱਟੇ, ਕੋਡ ਬਲੂ ਤੇ ਇੱਕ ਵਾਰਤਕ ਸੰਗ੍ਰਹਿ ਕੰਡਣੀ ਲਿਖ ਚੁਕੀ ਹੈ। ਇਨ੍ਹਾਂ ਵਿੱਚੋਂ ਦੋ ਕਹਾਣੀਆਂ ਬਲੀ ਅਤੇ ਮੇਰੀ ਲੂੰਬੜੀ ਦੀ ਸਿਰਜਣ ਪ੍ਰਕ੍ਰਿਆ ਬਾਰੇ ਵੀ ਉਸ ਸਵਾਲਾਂ ਦੇ ਜਵਾਬ ਦਿੱਤੇ।

ਪਰਵੇਜ਼ ਸੰਧੂ ਨੇ ਦੱਸਿਆ ਕਿ ਉਹ ਇਸ ਵੇਲੇ ਇੱਕ ਨਾਵਲ ਲਿਖ ਰਹੀ ਹੈ ਜਿਸ ਨੂੰ ਉਹ ਇਸ ਸਾਲ ਦੇ ਅੰਤ ਤੀਕ ਮੁਕੰਮਲ ਕਰੇਗੀ।

ਕਾਲਿਜ ਪ੍ਰਿੰਸੀਪਲ ਡਾ: ਅਰਵਿੰਦਰ ਸਿੰਘ ਭੱਲਾ ਤੋਂ ਇਲਾਵਾ ਪਰਵਾਸੀ ਸਾਹਿੱਤ ਅਧਿਐਨ ਕੇਂਦਰ ਦੀ ਕੋਆਰਡੀਨੇਟਰ ਡਾ: ਤੇਜਿੰਦਰ ਕੌਰ, ਪੰਜਾਬੀ ਵਿਭਾਗ ਦੇ ਮੁਖੀ ਡਾ: ਭੁਪਿੰਦਰ ਸਿੰਘ,ਡਾ: ਗੁਰਪ੍ਰੀਤ ਸਿੰਘ,ਡਾ: ਦਲੀਪ ਸਿੰਘ,ਪ੍ਰੋ: ਸ਼ਰਨਜੀਤ ਕੌਰ ਲੋਚੀ, ਪ੍ਰੋ: ਮਨਜੀਤ ਸਿੰਘ ਛਾਬੜਾ ਤੇ ਹੋਰ ਅਧਿਆਪਕਾਂ ਨੇ ਵੀ ਵਿਚਾਰ ਵਟਾਂਦਰੇ ਚ ਹਿੱਸਾ ਲਿਆ।



ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਦੇ ਸਾਬਕਾ ਪ੍ਰਧਾਨ ਪ੍ਰੋ: ਗੁਰਭਜਨ ਸਿੰਘ ਗਿੱਲ ਨੇ ਪਰਵੇਜ਼ ਸੰਧੂ ਦੀਆਂ ਲਿਖਤਾਂ ਵਿੱਚ ਮਾਸੂਮੀਅਤ ਦੇ ਹਵਾਲੇ ਨਾਲ ਕਿਹਾ ਕਿ ਦਰਦਾਂ ਦੀ ਪੰਡ ਚੁੱਕ ਕੇ ਕੋਈ ਮਾਸੂਮ ਹੀ ਮੁਸਕਰਾ ਸਕਦਾ ਹੈ। ਆਪਣੀ ਬੇਟੀ ਸਵੀਨਾ ਦੀ ਕੈਂਸਰ ਕਾਰਨ ਛੇ ਸਾਲ ਪਹਿਲਾਂ ਹੋਈ ਮੌਤ ਦਾ ਜ਼ਖ਼ਮ ਉਸ ਦੇ ਅੰਦਰ ਵੱਲ ਰਿਸਦਾ ਹੈ, ਪਰ ਉਹ ਆਪਣੀ ਧੀ ਨੂੰ ਚਿਤਵਦਿਆਂ ਕੋਡ ਬਲੂ ਵਰਗੀ ਸਮਰੱਥ ਕਹਾਣੀ ਲਿਖ ਰਹੀ ਹੈ। ਨਾਲ ਹੀ ਸਵੀਨਾ ਦੇ ਨਾਮ ਤੇ ਪੁਸਤਕ ਪ੍ਰਕਾਸ਼ਨ ਕਾਰਜ ਵੀ ਕਰ ਰਹੀ ਹੈ।

ਪ੍ਰਧਾਨਗੀ ਸ਼ਬਦ ਬੋਲਦਿਆਂ ਡਾ: ਐੱਸ ਪੀ ਸਿੰਘ ਨੇ ਕਿਹਾ ਕਿ ਪਰਵਾਸੀ ਸਾਹਿੱਤ ਅਧਿਐਨ ਕੇਂਦਰ ਚ ਪਰਵੇਜ਼ਸੰਧੂ ਦਾ ਆਉਣਾ ਤੇ ਆ ਕੇ ਆਪਣੀ ਸਿਰਜਣਾ ਬਾਰੇ ਵਿਚਾਰ ਚਰਚਾ ਕਰਨਾ ਸ਼ੁਭ ਸ਼ਗਨ ਹੈ। ਪਰਵੇਜ਼ ਨੇ ਪਹਿਲੀ ਵਾਰ ਆਪਣੀ ਰਚਨਾ ਪ੍ਰਕ੍ਰਿਆ ਬਾਰੇ ਏਨੀਆਂ ਗੱਲਾਂ ਕੀਤੀਆਂ ਹਨ ਜਦ ਕਿ ਉਸ ਦਾ ਸੁਭਾਅ ਸੰਕੋਚਵਾਂ ਹੈ, ਆਡੰਬਰੀ ਨਹੀਂ। ਉਨ੍ਹਾਂ ਕਿਹਾ ਕਿ ਪਰਵਾਸੀ ਸਾਰਹਿੱਤ ਅਧਿਐਨ ਕੇਂਦਰ ਵੱਲੋਂ ਛਪਦੇ ਤ੍ਰੈਮਾਸਿਕ ਪੱਤਰ ਪਰਵਾਸ ਵਿੱਚ ਪਰਵੇਜ਼ ਸੰਧੂ ਤੇ ਹੋਰ ਸਮਰੱਥ ਲੇਖਕਾਂ ਨੂੰ ਲਗਾਤਾਰ ਲਿਖਣਾ ਚਾਹੀਦਾ ਹੈ। ਕਾਲਿਜ ਵੱਲੋਂ ਡਾ: ਐੱਸ ਪੀ ਸਿੰਘ, ਕਾਲਿਜ ਪ੍ਰਿੰਸੀਪਲ ਡਾ: ਅਰਵਿੰਦਰ ਸਿੰਘ ਭੱਲਾ, ਪ੍ਰਬੰਧਕ ਕਮੇਟੀ ਮੈਂਬਰ ਸ: ਭਗਵੰਤ ਸਿੰਘ, ਸ: ਹਰਦੀਪ ਸਿੰਘ, ਪ੍ਰੋ: ਮਨਜੀਤ ਸਿੰਘ ਛਾਬੜਾ ਤੇ ਪ੍ਰੋ: ਗੁਰਭਜਨ ਸਿੰਘ ਗਿੱਲ ਸਮੇਤ ਸਮੂਹ ਅਧਿਆਪਕਾਂ ਨੇ ਪਰਵੇਜ਼ ਸੰਧੂ ਨੂੰ ਫੁਲਕਾਰੀ ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ।

ਇਸ ਮੌਕੇ ਪੰਜਾਬੀ ਲੇਖਿਕਾ ਕਮਲਪ੍ਰੀਤ ਕੌਰ ਸੰਘੇੜਾ ਤੇ ਸਰਦਾਰਨੀ ਰਾਜਿੰਦਰ ਕੌਰ ਵੀ ਹਾਜ਼ਰ ਸਨ।


jobs! jobs! jobs! jobs! jobs!

DUNDAS·JAFINE

HELP WANTED

ਕਾਮਿਆਂ ਦੀ ਲੋੜ

ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com






ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ

Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 416-726-9409 647-208-7011

CALL TODAY FOR ANY CLASSIFIED OR MATRIMONIAL AD !!!
905-793-2202

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5 (Near Dixie Gurdwara)
647-710-7760
Email: info@gf1security.com
1085 Bellamy Rd (N) Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

amar™ INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
Looking for Experienced:
○ Machine Operators ○ AZ-DZ Drivers
○ Forklift Driver ○ Machine Mechanic
○ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

CELLNTELL DISTRIBUTION INC
1-401 Traders Blvd E, Mississauga. ON
Requires F/T Permanent Position. "General Manager Financial Communication and Services to do the following:
• Create and establish finance operational methods /policies or strategies by evaluating trends to increase the growth of business.
• Determine the company's mission and strategic direction as conveyed through policies and concrete objectives which are met through the effective management of human, financial and material resources
• Authorize and organize the establishment of major departments and associated senior staff positions
• Plan, Monitor and review job contributions and compensation strategies.
• Establish productivity, quality and customer service strategies.
• Conduct operation strategies to improve, reduce cost and system enhancement.
• Monitor and Manage support services for accounts and finance. Facilitate coordination and communication between support functions.
• Represent the organization, or delegate representatives to act in negotiations or other official functions.
Salary: $57 per hour with 35hrs week, Experience:5 yrs, Bachelor's Degree (Required) with English Proficiency.
Email Resume : umar.w@cellntell.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL
PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

## ਬੁੱਚੜਖਾਨੇ ਦਾ ਵਿਰੋਧ ਕਰਨ ਵਾਲੇ ਆਪਣੇ ਘਰ ਦੋ-ਦੋ ਪਸ਼ੂ ਬੰਨ੍ਹ ਲੈਣ : ਅਰੋੜਾ

ਸੁਨਾਮ (ਸੰਗਰੂਰ), 4 ਮਾਰਚ (ਪੋਸਟ ਬਿਊਰੋ)- ਬੇਸਹਾਰਾ ਪਸ਼ੂਆਂ ਨੂੰ ਬੁੱਚੜਖਾਨੇ ਭੇਜਣ ਦੇ ਬਿਆਨ 'ਤੇ ਪੰਜਾਬ ਵਿੱਚ ਹੋ ਰਹੇ ਵਿਰੋਧ ਦੇ ਬਾਅਦ ਆਮ ਆਦਮੀ ਪਾਰਟੀ ਦੇ ਵਿਧਾਇਕ ਅਮਨ ਅਰੋੜਾ ਨੇ ਅਗਲੀ ਗੱਲ ਕਹੀ ਹੈ।

ਅਮਨ ਅਰੋੜਾਂ ਨੇ ਕਿਹਾ ਕਿ ਉਨ੍ਹਾਂ ਨੇ ਵਿਧਾਨ ਸਭਾ ਵਿੱਚ ਸਿਰਫ ਅਮਰੀਕੀ ਸਾਨ੍ਹ ਨੂੰ ਬੁੱਚੜਖਾਨੇ ਭੇਜਣ ਨੂੰ ਕਿਹਾ ਹੈ। ਉਨ੍ਹਾ ਕਿਹਾ ਕਿ ਭਾਜਪਾ ਨੇ ਉਨ੍ਹਾਂ ਦੀ ਗੱਲ ਦਾ ਦੋਹਰਾ ਅਰਥ ਕੱਢ ਕੇ ਵੱਖ-ਵੱਖ ਥਾਈਂ ਪ੍ਰਦਰਸ਼ਨ ਸ਼ੁਰੂ ਕਰ ਦਿੱਤਾ ਅਤੇ ਧਾਰਮਿਕ ਭਾਵਨਾਵਾਂ ਭੜਕਾਉਣ ਦੇ ਦੋਸ਼ ਲਾ ਦਿੱਤੇ। ਉਨ੍ਹਾਂ ਸੋਸ਼ਲ ਮੀਡੀਆ 'ਤੇ ਇੱਕ ਵੀਡੀਓ ਜਾਰੀ ਕਰ ਕੇ ਕਿਹਾ, ਹਿੰਦੂ ਧਰਮ ਵਿੱਚ ਦੇਸੀ ਗਾਂ ਨੂੰ ਪੂਜਿਆ ਜਾਣਾ ਚਾਹੀਦਾ ਹੈ, ਜੋ ਅਮਰੀਕੀ ਨਸਲ ਦੇ ਸਾਨ੍ਹ ਹਨ ਅਤੇ ਜਿਨ੍ਹਾਂ ਕਾਰਨ ਰੋਜ਼ ਹਾਦਸੇ ਹੋ ਰਹੇ ਹਨ, ਜੋ ਲੋਕਾਂ ਦੀ ਜਾਨ ਲਈ ਖਤਰਾ ਬਣੇ ਹੋਏ ਹਨ ਤੇ ਜਿਨ੍ਹਾਂ ਕਾਰਨ ਕਰੋੜਾਂ ਦੀਆਂ ਫਸਲਾਂ ਦਾ ਨੁਕਸਾਨ ਹੋ ਰਿਹਾ ਹੈ, ਉਨ੍ਹਾਂ ਨੂੰ ਬੁੱਚੜਖਾਨੇ ਭੇਜਿਆ ਜਾਣਾ ਚਾਹੀਦਾ ਹੈ। ਅਰੋੜਾਂ ਨੇ ਕਿਹਾ ਕਿ ਉਨ੍ਹਾਂ ਦੇ ਬਿਆਨ 'ਤੇ ਬੇਸ਼ੱਕ ਕਾਫੀ ਵਿਰੋਧ ਹੋਇਆ ਸੀ, ਪਰ ਉਨ੍ਹਾਂ ਦਾ ਮਕਸਦ ਜੀਵ ਹੱਤਿਆ ਪ੍ਰਮੋਟ ਕਰਨਾ ਨਹੀਂ, ਉਨ੍ਹਾਂ ਪਸ਼ੂਆਂ ਦੀ ਲਪੇਟ ਵਿੱਚ ਆਉਣ ਵਾਲੇ ਲੋਕਾਂ ਨੂੰ ਬਚਾਉਣਾ ਹੈ। ਉਨ੍ਹਾ ਕਿਹਾ ਕਿ ਉਹ ਇਹ ਗੱਲ ਜਾਣਦੇ ਹਨ ਕਿ ਇਸ ਦਾ ਉਨ੍ਹਾਂ ਨੂੰ ਸਿਆਸੀ ਪੱਖੋਂ ਨੁਕਸਾਨ ਹੋ ਸਕਦਾ ਹੈ, ਪਰ ਉਸ ਤੋਂ ਉਪਰ ਉਠ ਕੇ ਲੋਕਾਂ ਦੀ ਜਾਨ-ਮਾਲ ਦੀ ਰੱਖਿਆ ਬਾਰੇ ਸੋਚਿਆ ਜਾਣਾ ਚਾਹੀਦਾ ਹੈ। ਵਿਰੋਧ ਕਰਨ ਵਾਲਿਆਂ ਬਾਰੇ ਅਮਨ ਅਰੋੜਾ ਨੇ ਕਿਹਾ ਕਿ ਬੇਸਹਾਰਾ ਪਸ਼ੂਆਂ ਦੀ ਲਪੇਟ ਵਿੱਚ ਆ ਕੇ ਜਿਹੜੇ ਲੋਕ ਮਰਦੇ ਹਨ, ਵਿਰੋਧ ਕਰਨ ਵਾਲੇ ਉਨ੍ਹਾਂ ਦੇ ਘਰ ਜਾ ਕੇ ਮੁਆਫੀ ਮੰਗਣ। ਦੋ-ਦੋ ਅਮਰੀਕਨ ਸਾਨ੍ਹਾਂ ਨੂੰ ਆਪਣੇ ਘਰ ਬੰਨ੍ਹ ਕੇ ਇੱਕ ਫੋਟੋ ਵੀ ਖਿੱਚ ਕੇ ਉਨ੍ਹਾਂ ਨੂੰ ਭੇਜਣ, ਉਸ ਦੇ ਬਾਅਦ ਮੈਂ ਮੁਆਫੀ ਮੰਗਣ ਲਈ ਤਿਆਰ ਹਾਂ।

# ਦੰਗਿਆਂ ਵੇਲੇ ਪੁਲਸ ਵਾਲੇ ਉੱਤੇ ਪਿਸਤੌਲ ਤਾਣਨ ਵਾਲਾ ਸ਼ਾਹਰੁਖ ਗ੍ਰਿਫਤਾਰ





ਨਵੀਂ ਦਿੱਲੀ, 4 ਮਾਰਚ (ਪੋਸਟ ਬਿਊਰੋ)- ਉੱਤਰ-ਪੂਰਬੀ ਦਿੱਲੀ ਵਿੱਚ ਦੰਗਿਆਂ ਦੇ ਦੌਰਾਨ ਪੁਲਸ ਮੁਲਾਜ਼ਮਾਂ 'ਤੇ ਗੋਲੀ ਚਲਾਉਣ ਵਾਲੇ ਮੁਹੰਮਦ ਸ਼ਾਹਰੁਖ ਨੂੰ ਕੱਲ੍ਹ ਦਿੱਲੀ ਪੁਲਸ ਦੇ ਅਪਰਾਧ ਸੈਲ ਨੇ ਉੱਤਰ ਪ੍ਰਦੇਸ਼ ਦੇ ਸ਼ਾਮਲੀ ਤੋਂ ਗ੍ਰਿਫਤਾਰ ਕਰ ਲਿਆ। ਦੰਗਿਆਂ ਤੋਂ ਕੁਝ ਦੇਰ ਬਾਅਦ ਸੋਸ਼ਲ ਮੀਡੀਆ 'ਤੇ ਵਾਇਰਲ ਹੋਏ ਵੀਡੀਓ ਵਿੱਚ ਸ਼ਾਹਰੁਖ ਇੱਕ ਪੁਲਸ ਮੁਲਾਜ਼ਮ ਦੀਪਕ ਦਾਹੀਆ 'ਤੇ ਪਿਸਤੌਲ ਤਾਣੀ ਨਜ਼ਰ ਆ ਰਿਹਾ ਸੀ। ਪੁਲਸ ਮੁਲਾਜ਼ਮ ਡੰਡੇ ਨਾਲ ਉਸ ਦਾ ਮੁਕਾਬਲਾ ਕਰ ਰਿਹਾ ਸੀ। ਇਸ ਤੋਂ ਇਲਾਵਾ ਉਹ ਹਵਾ 'ਚ ਗੋਲੀਆਂ ਚਲਾਉਂਦਾ ਨਜ਼ਰ ਆਇਆ ਸੀ।

ਇਹ ਵੀਡੀਓ 24 ਫਰਵਰੀ ਨੂੰ ਵਾਪਰੀ ਹਿੰਸਾ ਬਾਰੇ ਸੀ। ਸ਼ਾਹਰੁਖ ਨੂੰ ਸ਼ਾਮਲੀ ਤੋਂ ਗ੍ਰਿਫਤਾਰ ਕਰਨ ਪਿੱਛੋਂ ਦਿੱਲੀ ਲਿਆਂਦਾ ਗਿਆ ਹੈ। ਉਸ ਕੋਲੋਂ ਅਜੇ ਪਿਸਤੌਲ ਬਰਾਮਦ ਨਹੀਂ ਹੋਇਆ। ਦਿੱਲੀ ਦੇ ਐਡੀਸ਼ਨਲ ਪੁਲਸ ਕਮਿਸ਼ਨਰ ਅਜੀਤ ਸਿੰਘ ਸਿੰਗਲਾ ਦੇ ਮੁਤਾਬਕ 24 ਫਰਵਰੀ ਨੂੰ ਮੌਜਪੁਰ ਵਿੱਚ ਗੋਲੀਆਂ ਚਲਾਉਣ ਦੇ ਬਾਅਦ ਸ਼ਾਹਰੁਖ ਕਨਾਟ ਪਲੇਸ ਦੀ ਪਾਰਕਿੰਗ ਵਿੱਚ ਜਾ ਕੇ ਲੁਕ ਗਿਆ ਸੀ। ਪੁਲਸ ਦੀਆਂ ਨਜ਼ਰਾਂ ਤੋਂ ਬਚਣ ਲਈ ਉਹ ਇੱਕ ਕਾਰ ਵਿੱਚ ਜਾ ਕੇ ਸੌਂ ਗਿਆ। ਕੁਝ ਘੰਟਿਆਂ ਬਾਅਦ ਜਦੋਂ ਉਸ ਦੀ ਅੱਖ ਖੁੱਲ੍ਹੀ ਤਾਂ ਪੰਜਾਬ ਚਲਾ ਗਿਆ। ਉਥੋਂ ਬਰੇਲੀ ਜਾ ਪੁੱਜਾ। ਉਹ ਟੀ ਵੀ ਤੋਂ ਸਾਰੀ ਜਾਣਕਾਰੀ ਲੈਂਦਾ ਰਿਹਾ। ਜਦੋਂ ਉਸ ਨੂੰ ਪਤਾ ਲੱਗਾ ਕਿ ਦਿੱਲੀ ਦੀ ਕਰਾਈਮ ਬ੍ਰਾਂਚ ਉਸ ਦੇ ਪਿੱਛੇ ਦਿੱਲੀ ਪਹੁੰਚ ਰਹੀ ਹੈ ਤਾਂ ਉਥੋਂ ਦੌੜ ਕੇ ਸ਼ਾਮਲੀ ਜਾ ਲੁਕਿਆ। ਕਰਾਈਮ ਬ੍ਰਾਂਚ ਨੇ ਆਪਣੇ ਖੁਫੀਆ ਤੰਤਰ ਰਾਹੀਂ ਉਸ ਦੇ ਸ਼ਾਮਲੀ ਵਿੱਚ ਲੁਕੇ ਹੋਣ ਦਾ ਪਤਾ ਲਾ ਕੇ ਉਸ ਨੂੰ ਕਾਬੂ ਕਰ ਲਿਆ। ਸਿੰਗਲਾ ਨੇ ਦੱਸਿਆ ਕਿ ਸ਼ਾਹਰੁਖ ਨੇ ਜਿਸ ਪਿਸਤੌਲ ਦੀ ਵਰਤੋਂ ਕੀਤੀ, ਉਹ 7.65 ਬੋਰ ਦਾ ਗੈਰ ਕਾਨੂੰਨੀ ਸੀ। ਉਸ ਨੇ ਬਿਹਾਰ ਦੇ ਮੁੰਗੇਰ ਦਾ ਬਣਿਆ ਹੋਇਆ ਇਹ ਪਿਸਤੌਲ ਦੋ ਸਾਲ ਪਹਿਲਾਂ ਖਰੀਦਿਆ ਸੀ। ਪੁਲਸ ਨੇ ਉਸ ਕੋਲੋਂ ਦੋ ਗੋਲੀਆਂ ਮਿਲੀਆਂ, ਜਦ ਕਿ ਤਿੰਨ ਉਸ ਨੇ ਚਲਾ ਦਿੱਤੀਆਂ ਸਨ।

# ਡਿੰਪਲ ਕਤਲ ਕੇਸ ਵਿੱਚ ਦੋਸ਼ੀ ਅਕਾਲੀ ਨੇਤਾ ਦਾ ਭਰਾ ਕੈਨੇਡਾ ਨੂੰ ਭੱਜ ਗਿਆ



ਜਲੰਧਰ, 4 ਮਾਰਚ (ਪੋਸਟ ਬਿਊਰੋ)- ਕਰਤਾਰਪੁਰ ਦੇ ਡਿੰਪਲ ਮਰਡਰ ਕੇਸ ਵਿੱਚ ਸ਼ੂਟਰ ਚਰਨਜੀਤ ਉਰਫ ਪ੍ਰਨੂੰ ਦਾ ਰਿਮਾਂਡ ਲੈ ਕੇ ਪੁਲਸ ਨੇ ਪੁੱਛਗਿੱਛ ਕੀਤੀ ਤਾਂ ਇਸ ਦੇ ਬਾਅਦ ਅਕਾਲੀ ਨੇਤਾ ਦੇ ਭਰਾ ਅਤੇ ਸਾਬਕਾ ਕੌਂਸਲਰ ਦਿਨੇਸ਼ ਅਗਰਵਾਲ ਉਰਫ ਤਾਊ ਤੇ ਪਾਰਸ ਨੂੰ ਨਾਮਜ਼ਦ ਕੀਤਾ ਹੈ। ਤਾਊ ਇੱਕ ਹਫਤਾ ਪਹਿਲਾਂ ਵਿਦੇਸ਼ ਗਿਆ ਹੈ।

ਚਰਨਜੀਤ ਨੇ ਕਿਹਾ ਕਿ ਕਤਲ ਵਿੱਚ ਵਰਤਿਆ ਹਥਿਆਰ ਅਤੇ ਬਾਈਕ ਪਾਰਸ ਲੈ ਕੇ ਆਇਆ ਸੀ। ਪਾਰਸ ਦੀ ਤਲਾਸ਼ ਵਿੱਚ ਛਾਪੇਮਾਰੀ ਕੀਤੀ ਜਾ ਰਹੀ ਹੈ। ਸ਼ੂਟਰ ਚਰਨਜੀਤ ਨੇ ਮੰਨਿਆ ਕਿ ਤਾਊ ਨੇ ਡਿੰਪਲ ਦੀ ਹੱਤਿਆ ਦੀ ਸੁਪਾਰੀ ਦਿੱਤੀ ਸੀ। ਉਹ ਤਾਊ ਨੂੰ ਤਿੰਨ ਲੱਖ ਦਾ ਉਧਾਰ ਨਹੀਂ ਮੋੜ ਸਕਿਆ ਸੀ। ਇਸ 'ਤੇ ਤਾਊ ਨੇ ਡਿੰਪਲ ਦੀ ਹੱਤਿਆ ਦਾ ਆਫਰ ਦਿੱਤਾ ਸੀ।

ਕੱਲ੍ਹ ਪ੍ਰੈੱਸ ਕਾਨਫਰੰਸ ਵਿੱਚ ਡਿੰਪਲ ਦੇ ਪਿਤਾ ਸੁਰਿੰਦਰ ਕੁਮਾਰ ਨੇ ਕਿਹਾ ਕਿ ਤਾਊ ਦਾ ਭਰਾ ਉਨ੍ਹਾਂ ਨੂੰ ਧਮਕੀਆਂ ਦੇ ਰਿਹਾ ਹੈ। ਪੁਲਸ ਨੇ ਸਾਜ਼ਿਸ਼ ਤਹਿਤ ਤਾਊ ਨੂੰ ਕੈਨੇਡਾ ਭੱਜਣ ਵਿੱਚ ਮਦਦ ਕੀਤੀ ਹੈ। ਜੇ ਦਸ ਦਿਨਾਂ ਵਿੱਚ ਪੁਲਸ ਨੇ ਦੋਸ਼ੀ ਨਾ ਫੜੇ ਤਾਂ ਉਹ ਪਤਨੀ ਸੁਰਿੰਦਰ ਕੌਰ ਦੇ ਨਾਲ ਕਰਤਾਰਪੁਰ ਵਿੱਚ ਭੁੱਖ ਹੜਤਾਲ ਕਰਨਗੇ। ਉਨ੍ਹਾ ਕਿਹਾ ਕਿ ਤਾਊ ਦਾ ਇੱਕ ਹੋਟਲੀਅਰ ਦੋਸਤ ਵੀ ਉਨ੍ਹਾਂ 'ਤੇ ਦਬਾਅ ਬਣਾ ਕੇ ਧਮਕੀਆਂ ਦੇਂਦਾ ਹੈ ਅਤੇ ਨਕਾਬਪੋਸ਼ ਨੌਜਵਾਨ ਉਨ੍ਹਾਂ ਦੇ ਘਰ ਦੇ ਆਸਪਾਸ ਘੁੰਮਦੇ ਹਨ। ਉਸ ਨੇ ਕਿਹਾ ਕਿ ਡਿੰਪਲ ਉਨ੍ਹਾਂ ਦਾ ਇਕਲੌਤਾ ਕਮਾਊ ਪੁੱਤਰ ਸੀ, ਜਿਸ ਦੀ ਮੌਤ ਦੇ ਬਾਅਦ ਉਨ੍ਹਾਂ ਦੀ ਪਰਵਾਰ ਟੁੱਟ ਚੁੱਕਾ ਹੈ। ਡਿੰਪਲ ਦੀਆਂ ਦੋ ਬੇਟੀਆਂ ਹਨ। ਉਨ੍ਹਾਂ ਦੇ ਪਰਵਾਰ ਨੂੰ ਕੁਝ ਹੁੰਦਾ ਹੈ ਤਾਂ ਅਕਾਲੀ ਨੇਤਾ, ਉਨ੍ਹਾਂ ਦਾ ਭਰਾ ਤਾਊ ਅਤੇ ਹੋਟਲੀਅਰ ਜ਼ਿੰਮੇਵਾਰ ਹੋਣਗੇ।

## ਹਲਵਾਰਾ ਏਅਰਪੋਰਟ ਹੇਠ ਆਈ ਜ਼ਮੀਨ ਦਾ ਇੰਤਕਾਲ ਨਹੀਂ ਸੀ ਹੋਇਆ, ਕਿਸਾਨ ਵੱਲੋਂ ਖ਼ੁਦਕੁਸ਼ੀ



ਜਗਰਾਓਂ, 4 ਮਾਰਚ (ਪੋਸਟ ਬਿਊਰੋ)- ਥਾਣਾ ਸੁਧਾਰ ਦੇ ਪਿੰਡ ਐਤੀਆਣਾ ਵਿੱਚ ਇੱਕ ਕਿਸਾਨ ਨੇ ਜ਼ਹਿਰ ਨਿਗਲ ਕੇ ਖੁਦਕੁਸ਼ੀ ਕਰ ਲਈ ਹੈ। ਉਸ ਦੀ ਪਛਾਣ ਨਿਹਾਲ ਸਿੰਘ (65) ਵਜੋਂ ਹੋਈ ਹੈ।

ਇਸ ਸੰਬੰਧ ਵਿੱਚ ਥਾਣਾ ਸੁਧਾਰ ਦੀ ਪੁਲਸ ਨੇ ਮ੍ਰਿਤਕ ਨਿਹਾਲ ਸਿੰਘ ਦੇ ਬੇਟੇ ਰਾਜਵਿੰਦਰ ਸਿੰਘ ਦੇ ਬਿਆਨਾਂ 'ਤੇ ਕਾਰਵਾਈ ਕੀਤੀ ਹੈ। ਫੌਜ ਵਿੱਚ ਭਰਤੀ ਰਾਜਵਿੰਦਰ ਨੇ ਦੱਸਿਆ ਕਿ ਉਸ ਦਾ ਪਿਤਾ ਕੱਲ੍ਹ ਸਵੇਰੇ ਖੇਤਾਂ ਵਿੱਚ ਗਿਆ ਸੀ, ਜਿੱਥੇ ਮੋਟਰ ਵਾਲੇ ਕਮਰੇ ਵਿੱਚ ਪਈ ਜ਼ਹਿਰੀਲੀ ਦਵਾ ਨਿਗਲਣ ਨਾਲ ਉਸ ਦੀ ਮੌਤ ਹੋ ਗਈ। ਪਿੰਡ ਤੋਂ ਮਿਲੀ ਜਾਣਕਾਰੀ ਮੁਤਾਬਕ ਹਲਵਾਰਾ ਏਅਰਪੋਰਟ ਲਈ ਸਰਕਾਰ ਵੱਲੋਂ ਐਕਵਾਇਰ ਕੀਤੀ ਜ਼ਮੀਨ ਵਿੱਚ ਪੌਣਾ ਏਕੜ ਜ਼ਮੀਨ ਨਿਹਾਲ ਸਿੰਘ ਦੀ ਸੀ। ਪਿੰਡ ਦੇ ਲੋਕਾਂ ਨੇ ਦੱਸਿਆ ਕਿ ਉਸ ਜ਼ਮੀਨ ਦਾ ਇੰਤਕਾਲ ਅਤੇ ਤਕਸੀਮ ਅਜੇ ਨਿਹਾਲ ਸਿੰਘ ਦੇ ਨਾਂਅ 'ਤੇ ਨਹੀਂ ਚੜ੍ਹੀ ਸੀ। ਜ਼ਮੀਨ ਦਰੁਸਤੀ ਨਾ ਹੋਣ ਕਾਰਨ ਨਿਹਾਲ ਸਿੰਘ ਪਰੇਸ਼ਾਨ ਸੀ, ਜਿਸ ਕਾਰਨ ਉਸ ਨੇ ਜ਼ਹਿਰ ਨਿਗਲ ਕੇ ਖੁਦਕੁਸ਼ੀ ਕੀਤੀ ਹੈ। ਵਰਣਨਯੋਗ ਹੈ ਕਿ ਨਿਹਾਲ ਸਿੰਘ ਦੇ ਦੋ ਬੇਟਿਆਂ ਵਿੱਚੋਂ ਰਾਜਵਿੰਦਰ ਸਿੰਘ ਫੌਜ ਵਿੱਚ ਹੈ, ਦੂਸਰਾ ਬੇਟਾ ਜਸਪਿੰਦਰ ਸਿੰਘ ਅਜੇ ਕੁਝ ਦਿਨ ਪਹਿਲਾਂ ਦੁਬਈ ਤੋਂ ਮੁੜਿਆ ਹੈ। ਨਿਹਾਲ ਸਿੰਘ ਦੀ ਪਤਨੀ ਕੈਨੇਡਾ ਵਿਆਹੀ ਧੀ ਦੇ ਕੋਲ ਉਥੇ ਹੀ ਰਹਿੰਦੀ ਹੈ ਅਤੇ ਨਿਹਾਲ ਸਿੰਘ ਘਰ ਵਿੱਚ ਅਕਸਰ ਇਕੱਲਾ ਹੀ ਰਹਿੰਦਾ ਸੀ।

# ਰੰਜਿਸ਼ ਦੇ ਕਾਰਨ ਲੋਹੇ ਦਾ ਰਾਡ ਮਾਰ ਕੇ ਢਾਬਾ ਮਾਲਕ ਦੀ ਹੱਤਿਆ



ਫਗਵਾੜਾ, 4 ਮਾਰਚ (ਪੋਸਟ ਬਿਊਰੋ)- ਇੱਥੋਂ ਨੇੜਲੇ ਪਿੰਡ ਬਘਾਣਾ 'ਚ ਕੱਲ੍ਹ ਰਾਤ ਦੋ ਧੜਿਆਂ ਦੀ ਰੰਜਿਸ਼ ਦੇ ਕਾਰਨ ਇੱਕ ਧਿਰ ਨੇ ਦੂਸਰੀ ਧਿਰ ਢਾਬਾ ਚਲਾਉਣ ਵਾਲੇ ਨਿਰਵੈਰ ਸਿੰਘ (40) 'ਤੇ ਹਮਲੇ ਕਰਕੇ ਉਸ ਨੂੰ ਗੰਭੀਰ ਜ਼ਖ਼ਮੀ ਕਰ ਦਿੱਤਾ, ਜਿਸ ਦੀ ਇਲਾਜ ਦੌਰਾਨ ਮੌਤ ਹੋ ਗਈ ਹੈ।

ਰਾਵਲਪਿੰਡੀ ਦੇ ਥਾਣਾ ਮੁਖੀ ਇੰਸਪੈਕਟਰ ਪਰਮਜੀਤ ਸਿੰਘ ਨੇ ਦੱਸਿਆ ਕਿ ਨਿਰਵੈਰ ਸਿੰਘ ਪਿੰਡ ਬਘਾਣਾ ਦੀ ਨਹਿਰ ਦੇ ਨੇੜੇ ਚੀਮਾ ਨਾਮੀ ਢਾਬਾ ਚਲਾਉਂਦਾ ਸੀ ਤੇ ਉਸ ਦਾ ਰਿਸ਼ਤੇਦਾਰ ਜਸਪਾਲ ਸਿੰਘ ਪੁੱਤਰ ਨਿਸ਼ਾਨ ਸਿੰਘ ਪਿੰਡ ਬਘਾਣਾ ਢਾਬੇ ਦੇ ਪਿੱਛੇ ਪਕੌੜਿਆਂ ਦਾ ਖੋਖਾ ਚਲਾਉਂਦਾ ਹੈ। ਪਿਛਲੇ ਲੰਬੇਂ ਸਮੇਂ ਤੋਂ ਕਿਸੇ ਗੱਲ ਤੋਂ ਦੋਵਾਂ ਵਿਚਾਲੇ ਝਗੜਾ ਚੱਲਦਾ ਰਹਿੰਦਾ ਸੀ। ਕੱਲ੍ਹ ਰਾਤ ਕਿਸੇ ਗੱਲ ਬਾਰੇ ਦੋਵਾਂ 'ਚ ਝਗੜਾ ਹੋ ਗਿਆ ਤੇ ਲੜਾਈ ਇੰਨੀ ਵਧ ਗਈ ਕਿ ਜਸਪਾਲ ਸਿੰਘ ਤੇ ਉਸ ਦੇ ਲੜਕੇ ਰਾਜਵੀਰ ਸਿੰਘ ਨੇ ਲੋਹੇ ਦੀ ਰਾਡ ਨਾਲ ਨਿਰਵੈਰ ਸਿੰਘ 'ਤੇ ਹਮਲੇ ਕਰ ਦਿੱਤਾ ਜਿਸ ਕਾਰਨ ਉਹ ਗੰਭੀਰ ਜ਼ਖ਼ਮੀ ਹੋ ਗਿਆ। ਉਸ ਨੂੰ ਫਗਵਾੜਾ ਦੇ ਸਿਵਲ ਹਸਪਤਾਲ ਲਿਆਂਦਾ ਗਿਆ ਜਿੱਥੇ ਡਾਕਟਰਾਂ ਨੇ ਉਸ ਦੀ ਗੰਭੀਰ ਹਾਲਤ ਦੇਖ ਕੇ ਜਲੰਧਰ ਦੇ ਹਸਪਤਾਲ ਰੈਫ਼ਰ ਕਰ ਦਿੱਤਾ, ਜਿੱਥੇ ਉਸ ਨੇ ਦਮ ਤੋੜ ਦਿੱਤਾ। ਪੁਲਸ ਨੇ ਜਾਂਚ ਤੋਂ ਬਾਅਦ ਨਿਰਵੈਰ ਸਿੰਘ ਦੀ ਹੱਤਿਆ ਦੇ ਦੋਸ਼ 'ਚ ਜਸਪਾਲ ਸਿੰਘ ਪੁੱਤਰ ਨਿਸ਼ਾਨ ਸਿੰਘ ਤੇ ਉਸ ਦੇ ਲੜਕੇ ਰਾਜਵੀਰ ਸਿੰਘ ਪਿੰਡ ਬਘਾਣਾ ਦੇ ਖ਼ਿਲਾਫ਼ ਕੇਸ ਦਰਜ ਕੀਤਾ ਅਤੇ ਜਸਪਾਲ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਉਨ੍ਹਾਂ ਦੱਸਿਆ ਕਿ ਰਾਜਵੀਰ ਅਜੇ ਪੁਲਸ ਦੀ ਗ੍ਰਿਫ਼ਤ ਤੋਂ ਬਾਹਰ ਹੈ ਅਤੇ ਉਸ ਨੂੰ ਵੀ ਜਲਦ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

## ਇਮਤਿਹਾਨ ਤੋਂ ਪਹਿਲਾਂ ਸਿੱਖ ਵਿਦਿਆਰਥੀ ਦੀ ਪੱਗ ਲੁਹਾਈ ਗਈ



ਧਾਰ, 4 ਮਾਰਚ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੇ ਧਾਰ ਜ਼ਿਲ੍ਹੇ ਦੇ ਧਾਮਨੋਦ ਵਿੱਚ 12ਵੀਂ ਕਲਾਸ ਦੇ ਇਮਤਿਹਾਨ ਦੌਰਾਨ ਜਾਂਚ ਵੇਲੇ ਸਿੱਖ ਵਿਦਿਆਰਥੀ ਦੀ ਪੱਗ ਲੁਹਾਉਣ ਦਾ ਕੇਸ ਪਤਾ ਲੱਗਾ ਹੈ। ਇਸ ਨਾਲ ਸਿੱਖ ਸਮਾਜ ਵਿੱਚ ਰੋਸ ਹੈ। ਸਿੱਖ ਭਾਈਚਾਰੇ ਦੇ ਲੋਕਾਂ ਨੇ ਕਿਹਾ ਹੈ ਕਿ ਜਾਂਚ ਕਰਨੀ ਸੀ ਤਾਂ ਅਲੱਗ ਕਮਰੇ ਵਿੱਚ ਲੈ ਜਾਣਾ ਚਾਹੀਦਾ ਸੀ, ਜਨਤਕ ਤੌਰ 'ਤੇ ਪੱਗ ਅਤੇ ਕੇਸਾਂ ਨਾਲ ਛੇੜਛਾੜ ਕਰਨਾ ਗਲਤ ਸੀ।

ਧਾਮਨੋਦ ਦਾ ਵਿਦਿਆਰਥੀ ਹਰਪਾਲ ਸਿੰਘ ਸਰਸਵਤੀ ਹਿੰਦੂ ਮੰਦਰ ਵਿੱਚ ਪੜ੍ਹਦਾ ਹੈ। ਉਹ ਕੱਲ੍ਹ ਸਵੇਰੇ ਹਿੰਦੀ ਦਾ ਪੇਪਰ ਦੇਣ ਪ੍ਰੀਖਿਆ ਕੇਂਦਰ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਗਿਆ ਤਾਂ ਪ੍ਰੀਖਿਆ ਆਰੰਭ ਹੋਣ ਤੋਂ ਪਹਿਲਾਂ ਇਥੇ ਤਾਇਨਾਤ ਅਧਿਆਪਕਾ ਤੇ ਅਧਿਆਪਕ ਨੇ ਪ੍ਰਸ਼ਾਸਨ ਦੇ ਪ੍ਰੀਖਿਆ ਬਾਰੇ ਨਿਯਮਾਂ ਦਾ ਹਵਾਲਾ ਦੇ ਕੇ ਜਾਂਚ ਲਈ ਉਸ ਦੀ ਪੱਗ ਲੁਹਾਈ। ਹਰਪਾਲ ਸਿੰਘ ਨੇ ਪ੍ਰੀਖਿਆ ਤੋਂ ਬਾਅਦ ਇਹ ਗੱਲ ਪਰਵਾਰ ਨੂੰ ਦੱਸੀ ਤਾਂ ਉਨ੍ਹਾਂ ਸਿੱਖ ਭਾਈਚਾਰੇ ਦੇ ਆਗੂਆਂ ਨੂੰ ਦੱਸਿਆ। ਸਿੱਖ ਭਾਈਚਾਰੇ ਨੇ ਵਿਰੋਧ ਕਰਦੇ ਹੋਏ ਅਧਿਕਾਰੀਆਂ ਨਾਲ ਗੱਲ ਕੀਤੀ। ਉਨ੍ਹਾਂ ਦੇਸ਼ ਪ੍ਰਤੀ ਸਿੱਖ ਸਮਾਜ ਦੇ ਬਲੀਦਾਨ ਦੀ ਯਾਦ ਦਿਵਾਈ ਅਤੇ ਸਿੱਖ ਬੱਚੇ ਦੇ ਅਪਮਾਨ ਦੀ ਨਿੰਦਾ ਕੀਤੀ ਹੈ।

ਬਿਜਲੀ ਦਾ ਕੋਈ ਵੀ ਛੋਟਾ ਜਾਂ ਵੱਡਾ ਕੰਮ
FOR ALL KINDS OF ELECTRICAL WORK



Indoor / Outdoor
POT LIGHTS

* Industrial Lighting / Automation
* Residential/ Commercial/ Industrial
* Basement / Custom Homes Wiring
* Service Panel Upgrading
* Fire Alarm / Security System
* Drive way Lights
* CCTV Camera
* UPS & Battery Banks



INDOOR ਜਾਂ OUTDOOR LED POT LIGHTS ਲਗਵਾਉਣ ਤੇ DIMMER FREE ਲਗਵਾਉ

Contact: Nirmal Johal
Certified Technician
647-716-2677

NU WAY TOUR & TRAVELS INC.

ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ

AIR TICKETS | CRUISES | VACATIONS | TRAVEL INSURANCE

International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

AIR CANADA, PIA, American Airlines, ETIHAD, KLM, Emirates, SWISS, BRITISH AIRWAYS, JET AIRWAYS

Travel Worry Free With Insurance
- Super Visa Insurance
- Visitor to Canada
- Trip Cancellation
- Trip Interruption

Manulife

Signature.ca, tico.ca, IATA, WestJet vacations, transat, sunwing, Air Canada Vacations

Call Us For Guaranteed Lowest Airfare ANY Airline Time Destination Around the World

7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

ਅਵਤਾਰ ਸਿੰਘ ਟਿਵਾਨਾ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative

Tel: 905.793.5777
416.802.5866
31 Melanie Dr. Unit #4 Brampton, ON L6T 5H8

FOR LEASE
Lease: $2,599
Bramalea / Sandalwood
ਅੱਪਰ ਲੇਵਲ ਲੀਜ਼ ਲਈ, ਵਧੀਆ ਕਿਚਨ ਨੂੰ ਕੁਆਰਟਜ਼ ਕਾਂਉਟਰ ਟਾਪ, ਵਾਕ ਆਉਟ ਡੈਕ, 3 ਬੈਡਰੂਮ, 1 1/2 ਵਾਸ਼ਰੂਮ, ਸਟੇਂਨਲੈਸ ਸਟੀਲ ਅਪਲਾਇੰਸਸ, 2 ਪਾਰਕਿੰਗ ਸਪਾਟਸ, ਖਾਲੀ ਬੈਸਮੈਂਟ ਜੋ ਕਿ ਰੈਂਟ ਤੇ ਦੀਤੀ ਜਾ ਸਕਦੀ ਹੈ। ਅੱਜ ਹੀ ਸੰਪਰਕ ਕਰੋ।

FOR SALE
$120,000
VAUGHAN
ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੇਲੂਨ। ਰੈਂਟ ਸਿਰਫ $3324/ਮਹੀਨਾ।

SOLD
Bovaird/Worthington
8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ। ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ।

NEED A LAWYER ??

Red Seal NOTARY

KAUR LAW OFFICE

MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Dr. Randhawa Dentistry

Your own dentist who really cares for you

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist

New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!

FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

Mayfield Rd, Mcvean Dr, DENTISTRY, Squire Ellis Dr, Gore Rd, Countryside Dr

ASIAN FOOD CENTRE afc

Holi SALE

happy holi

www.AsianFoodCentre.com
5TH TO 15TH MARCH 2020
Fresh Fruits, Vegetables, Indian & Canadian Grocery

- QUALITY CHAKKI ATTA (10LB) — $3.99 10LB
- GOLDEN TEMPLE (YELLOW BAG) 20LB — $9.99 EA
- HERO ATTA — $6.99 EA
- ADM ATTA — $15.99 EA
- DEEP WHOLE WHEAT ATTA — $7.99 EA
- DAAWAT RICE — $10.99 8.8 LB
- TILDA BASMATI RICE — $11.99 10 LB
- AFC DIAMOND RICE — $8.99 10 LB
- SURATI SNACKS — $1.99 +TAX
- ASIAN GACHAK — $1.99 400G
- BIKANERI MUSTARD OIL — $1.99 250ML; $3.79 500ML
- TRUST SUGAR — $7.99 5KG; $19.99 33LB
- RED LABEL TEA — $5.99 216 BAG
- MOTHER'S PICKLE — $2.99 500G
- POPULAR PARATHA 25PCS — $5.99 EA
- DEEP PARATHA — $1.99 EA
- KASTURI TOOR DAAL (10LB) — $10.99 10LB
- DEEP TANDOORI NAAN — $1.99 EA
- ALSHIFA HONEY — $5.99 500G
- RED LENTIL — $2.99 4LB
- SAFFRON — $2.29 1G
- BLACK CHANA — $2.99 4LB
- TEA INDIA — $7.99 216 BAGS
- DEEP CUT/WHOLE OKRA — $1.49 EA
- SILKY BATHROOM TISSUE (8ROLLS) — BUY 1 GET 1 FREE $5.99 + TAX
- MTR DOSA, RAVA DOSA RAVA IDLI, RICE IDLI & UTTAPAM — $1.99 500G
- APNA TASTE RASMALAI — $6.99 EA
- APNA TASTE GULAB JAMUN — $4.99 EA
- GOOD DAY BISCUITS — 2 FOR $1
- MAZOLA CANOLA / CORN OIL — $7.99 2.84L
- QUALITY KESAR MANGO PULP — $2.29 EA
- VERKA BROWN SUGAR — $8.99 10LB
- POPULAR SAMOSA — $1.79 400G
- GOLDEN COOKIES — $4.99 2.5 LB
- MTR ROASTED VERMICELLI — $2.29 900G
- MOTHER DAIRY DESI GHEE — $22.99 3.5LB
- BRAR DESI GHEE — $22.99 1600G
- SAVERA RASMALAI — $5.99 EA
- BRITANNIA MILK WHEAT RUSK — $4.99 1.22 KG
- SANTOSH NAAN — $1.10 EA
- MOTHER DAIRY PANEER — $3.99 EA
- DEEP DAHI VADA — $2.29 EA

ETOBICOKE 10 Westmore Dr. 416-740-3262 MEAT SHOP AVAILABLE
MISSISSAUGA 1075 Ceremonial Dr. 905-502-1600 MEAT SHOP AVAILABLE
BRAMPTON 621 Wanless Dr. 905-495-3336 MEAT SHOP AVAILABLE
BRAMPTON 2120 N Park Dr. 905-793-1338 MEAT SHOP AVAILABLE
BRAMPTON 80 Pertosa Dr. 905-460-0009
BRAMPTON 40 Airport RD & Lacoste Blvd. 905-794-8109 MEAT SHOP AVAILABLE
BRAMPTON 10510 Torbram Rd. 905-790-0030
BRAMPTON 10 Pannahill Dr. 905-913-8017 MEAT SHOP AVAILABLE

TOLL FREE 1-800-708-9232

We reserve the right to limit the quantity. Prices subject to change without notice, while supplies last. Product images are for illustration purpose only. Design by InfoTech Media

